ਪਿਆਰੇ ਮਾਲਿਕ ਦੇ ਇਹ ਦੋ ਨਾਮ ਹਨ।
ਜੋ ਕੋਈ ਵੀ ਇਨ੍ਹਾਂ ਨੂੰ ਸੱਚੇ ਦਿਲ ਨਾਲ ਰੋਜ਼ਾਨਾ 100 ਬਾਰ ਪੜ੍ਹੇਗਾ ਉਹ ਮਾਲਿਕ ਉਸ ਨੂੰ ਹਰ ਪ੍ਰੇਸ਼ਾਨੀ ਤੋਂ ਛੁਟਕਾਰਾ ਦੇਵੇਗਾ ਅਤੇ ਆਪਣਾ ਸੱਚਾ ਰਾਸਤਾ ਦਿਖਾਕੇ ਰਹੇਗਾ।

ਉਹ ਦੋ ਨਾਮ ਇਹ ਹਨ :

**"ਯਾ ਹਾਦੀ-ਯਾ ਰਹੀਮ"**

(ਹੇ ਸੱਚਾ ਰਸਤਾ ਦਿਖਾਉਣ ਵਾਲੇ)

(ਹੇ (ਹਰ ਪ੍ਰੇਸ਼ਾਨੀ ਵਿੱਚ) ਦਇਆ ਕਰਨ ਵਾਲੇ)

ਇਸਲਾਮ ਸਬੰਧੀ ਪੰਜਾਬੀ ਸਾਹਿਤ (ਲਿਟਰੇਚਰ) ਅਤੇ ਕਿਤਾਬਾਂ ਮਿਲਣ ਦਾ ਪਤਾ :-


**KALEEM PUBLICATIONS**
**RODIWAL, MALER KOTLA PB.**
**Mobile 96460-51600**


# ਆਪ ਦੀ ਅਮਾਨਤ

(ਆਪ ਦੀ ਸੇਵਾ ਵਿੱਚ)


ਪ੍ਰਸਤੁਤ
ਮੌਲਾਨਾ ਮੁਹੰਮਦ ਕਲੀਮ ਸਿੱਦੀਕੀ

ਅਨੁਵਾਦਕ
**ਮੁਨਸ਼ੀ ਮੁਹੰਮਦ ਜਾਨੀ**



ਪ੍ਰਕਾਸ਼ਕ
**ਕਲੀਮ ਪਬਲੀਕੇਸ਼ਨਜ਼**
ਰੋਡੀਵਾਲ, ਮਾਲੇਰਕੋਟਲਾ

# ਆਪ ਦੀ ਅਮਾਨਤ

(ਆਪ ਦੀ ਸੇਵਾ ਵਿੱਚ)

ਪ੍ਰਸਤੁਤਿ

ਮੌਲਾਨਾ ਮੁਹੰਮਦ ਕਲੀਮ ਸਿੱਦੀਕੀ

ਅਨੁਵਾਦਕ

ਮੁਨਸ਼ੀ ਮੁਹੰਮਦ ਜਾਨੀ

ਪ੍ਰਕਾਸ਼ਨ :

**ਕਲੀਮ ਪਬਲੀਕੇਸ਼ਨਜ਼**

ਰੋਡੀਵਾਲ, ਮਾਲੇਰਕੋਟਲਾ (ਪੰਜਾਬ)

ਮੋ: 96460-51600

© ਸਾਰੇ ਹੱਕ ਰਾਖਵੇਂ ਹਨ। ਬਗੈਰ ਕਿਸੇ ਰੱਦੋ ਬਦਲ ਦੇ ਇਸ ਕਿਤਾਬ ਨੂੰ ਛਾਪਣ ਦੀ ਸਭ ਨੂੰ ਆਮ ਆਗਿਆ ਹੈ।

ਅਸਲ ਕਿਤਾਬ : ਆਪ ਕੀ ਅਮਾਨਤ
(ਆਪ ਕੀ ਸੇਵਾ ਮੇਂ) ਹਿੰਦੀ

ਲੇਖਕ : ਮੌਲਾਨਾ ਮੁਹੰਮਦ ਕਲੀਮ ਸਿੱਦੀਕੀ

ਪ੍ਰਕਾਸ਼ਕ : ਅਰਮੁਗਾਨ ਪਬਲੀਕੇਸ਼ਨ, ਫੁਲਤ
ਜ਼ਿਲਾ ਮੁਜ਼ੱਫਰਨਗਰ, (ਯੂ. ਪੀ.)
ਮੋਬਾਇਲ ਨੰ. : 093597-79522

ਨਵਾਂ ਐਡੀਸ਼ਨ : ਜੁਲਾਈ 2009 ਕਾਪੀ 3000

ਅਨੁਵਾਦ : ਮੁਨਸ਼ੀ ਮੁਹੰਮਦ ਜਾਨੀ, ਰੋਡੀਵਾਲ, ਮਾਲੇਰਕੋਟਲਾ
ਫੋਨ : 96460-51600, 98725-75437

ਸਹਿਯੋਗ ਵਲੋਂ : 1. ਦਿਲਬਾਗ ਹੁਸੈਨ (ਚੇਅਰਮੈਨ)
ਬੂਟਾ ਮੁਹੰਮਦ (ਪ੍ਰਧਾਨ)
ਮੁਸਲਿਮ ਸਮਾਜ ਸੁਧਾਰ ਕਮੇਟੀ, ਜੀ. ਟੀ. ਰੋਡ, ਫਗਵਾੜਾ
ਮੋਬਾਇਲ ਨੰ. : 98142-52786
2. ਬਾਬਾ ਸ਼ਰੀਫ਼ ਖਾਂ (ਪ੍ਰਧਾਨ) ਇੰਤਜ਼ਾਮੀਆਂ ਕਮੇਟੀ
ਮਸਜਿਦ, ਰੋਡੀਵਾਲ, ਮਲੇਰਕੋਟਲਾ।
ਫੋਨ : 94170-19590

ਕਿਤਾਬ ਮਿਲਣ ਦਾ ਪਤਾ
: 1. ਮਦਰੱਸਾ ਸ਼ੇਖ਼ ਅਹਿਮਦ ਸਰਹਿੰਦੀ, ਆਜ਼ਾਦ ਨਗਰ ਖੰਨਾ।
ਮਬਾਇਲ ਨੰ. 98721-47235
2. ਜਾਮਿਆ ਸੱਯਿਦ ਅਬੁਲ ਹਸਨ ਅਲੀ ਨਦਵੀ
ਗ਼ੌਸਪੁਰਾ, ਮਾਲੇਰਕੋਟਲਾ।
ਫੋਨ : 01675-263782
3. ਸਰਵਰ ਗ਼ੁਲਾਮ ਸੱਬਾ (ਪ੍ਰਧਾਨ)
ਅੰਜੁਮਨ ਦਾਅਵਤ-ਏ-ਇਸਲਾਮੀਆ ਕਮੇਟੀ
ਪਲਾਹੀ ਰੋਡ, ਫਗਵਾੜਾ।
ਫੋਨ : 99144-71554, 98141-71554

ਕੀਮਤ : ਮੁਫ਼ਤ

## ਦੋ ਸ਼ਬਦ

ਜੇਕਰ ਅੱਗ ਦੀ ਇੱਕ ਛੋਟੀ ਜਿਹੀ ਚੰਗਿਆੜੀ ਤੁਹਾਡੇ ਸਾਹਮਣੇ ਪਈ ਹੋਵੇ ਅਤੇ ਇੱਕ ਬੇਸਮਝ ਜਿਹਾ ਬੱਚਾ ਸਾਹਮਣਿਓਂ ਨੰਗੇ ਪੈਰ ਆ ਰਿਹਾ ਹੋਵੇ ਅਤੇ ਉਸਦਾ ਨੰਨ੍ਹਾ ਜਿਹਾ ਪੈਰ ਸਿੱਧਾ ਅੱਗ ਤੇ ਪੈਣ ਵਾਲਾ ਹੋਵੇ ਤਾਂ ਤੁਸੀਂ ਕੀ ਕਰੋਗੇ ?

ਤੁਸੀਂ ਝਟਪਟ ਉਸ ਬੱਚੇ ਨੂੰ ਗੋਦ ਵਿੱਚ ਚੁੱਕ ਲਓਗੇ ਅਤੇ ਅੱਗ ਤੋਂ ਦੂਰ ਖੜ੍ਹਾ ਕਰਕੇ ਬੇਹੱਦ ਖ਼ੁਸ਼ੀ ਦਾ ਅਹਿਸਾਸ ਕਰੋਗੇ। ਇਸ ਪ੍ਰਕਾਰ ਜੇਕਰ ਕੋਈ ਮਨੁੱਖ ਅੱਗ ਵਿੱਚ ਝੁਲਸ ਜਾਵੇ ਜਾਂ ਜਲ ਜਾਵੇ ਤਾਂ ਤੁਸੀਂ ਤੜਫ ਜਾਂਦੇ ਹੋ ਅਤੇ ਉਸਦੇ ਪ੍ਰਤੀ ਤੁਹਾਡੇ ਦਿਲ ਵਿੱਚ ਹਮਦਰਦੀ ਪੈਦਾ ਹੋ ਜਾਂਦੀ ਹੈ।

ਕੀ ਤੁਸੀਂ ਕਦੇ ਸੋਚਿਆ ਆਖ਼ਿਰ ਅਜਿਹਾ ਕਿਉਂ ਹੈ ? ਇਸ ਲਈ ਕਿ ਸਮੁੱਚਾ ਮਨੁੱਖੀ ਸਮਾਜ ਕੇਵਲ ਇੱਕ ਮਾਤਾ ਪਿਤਾ ਦੀ ਸੰਤਾਨ ਹੈ ਅਤੇ ਹਰੇਕ ਦੇ ਸੀਨੇ ਵਿੱਚ ਇੱਕ ਧੜਕਦਾ ਹੋਇਆ ਦਿਲ ਹੈ, ਜਿਸ ਵਿੱਚ ਪ੍ਰੇਮ ਹੈ ਹਮਦਰਦੀ ਹੈ, ਪਿਆਰ ਹੈ। ਉਹ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਤੜਫਦਾ ਹੈ ਅਤੇ ਇੱਕ ਦੂਸਰੇ ਦੀ ਮਦਦ ਕਰਕੇ ਖ਼ੁਸ਼ ਹੁੰਦਾ ਹੈ। ਇਸ ਲਈ ਸੱਚਾ ਇਨਸਾਨ ਅਤੇ ਮਨੁੱਖ ਉਹੀ ਹੈ ਜਿਸਦੇ ਸੀਨੇ ਵਿੱਚ ਪੂਰੀ ਮਨੁੱਖਤਾ ਦੇ ਲਈ ਪ੍ਰੇਮ ਉਬਲਦਾ ਹੋਵੇ, ਜਿਸਦਾ ਹਰ ਕੰਮ ਮਨੁੱਖਤਾ ਦੀ ਸੇਵਾ ਲਈ ਹੋਵੇ ਅਤੇ ਜੋ ਹਰੇਕ ਨੂੰ ਦੁੱਖ ਦਰਦ ਵਿੱਚ ਦੇਖ ਕੇ ਤੜਫ ਜਾਵੇ ਅਤੇ ਉਸਦੀ ਮਦਦ ਉਸਦੇ ਜੀਵਨ ਦਾ ਅਟੁੱਟ ਅੰਗ ਬਣ ਜਾਵੇ।

ਇਸ ਸੰਸਾਰ ਵਿੱਚ ਮਨੁੱਖ ਦਾ ਇਹ ਜੀਵਨ ਅਸਥਾਈ ਹੈ ਅਤੇ ਮਰਨ ਤੋਂ ਬਾਅਦ ਉਸ ਨੂੰ ਇੱਕ ਹੋਰ ਜੀਵਨ ਮਿਲੇਗਾ ਜੋ ਸਥਾਈ ਹੋਵੇਗਾ। ਆਪਣੇ ਸੱਚੇ ਮਾਲਿਕ (ਸਵਾਮੀ) ਦੀ ਭਗਤੀ ਅਤੇ ਸਿਰਫ ਉਸੇ ਦੀ ਮੰਨੇ ਬਿਨਾਂ ਮਰਨ ਤੋਂ ਬਾਅਦ ਦੇ ਜੀਵਨ ਵਿੱਚ ਸਵਰਗ ਪ੍ਰਾਪਤ ਨਹੀਂ ਹੋ ਸਕਦਾ ਅਤੇ ਸਦਾ ਲਈ ਨਰਕ ਦਾ ਬਾਲਣ ਬਣਨਾ ਪਵੇਗਾ।

ਅੱਜ ਲੱਖਾਂ ਕਰੋੜਾਂ ਇਨਸਾਨ ਨਰਕ ਦਾ ਬਾਲਣ ਬਣਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ ਅਤੇ ਅਜਿਹੇ ਰਸਤੇ ਉੱਤੇ ਚੱਲ ਰਹੇ ਹਨ ਜੋ ਸਿੱਧਾ ਨਰਕ ਵੱਲ ਜਾਂਦਾ

ਹੈ। ਅਜਿਹੇ ਮਾਹੌਲ ਵਿੱਚ ਉਨ੍ਹਾਂ ਤਮਾਮ ਲੋਕਾਂ ਦੀ ਜਿੰਮੇਵਾਰੀ ਹੈ ਜੋ ਸਾਰੀ ਮਨੁੱਖਤਾ ਨਾਲ ਪ੍ਰੇਮ ਕਰਦੇ ਹਨ ਅਤੇ ਮਾਨਵਤਾ ਵਿੱਚ ਆਸਥਾ (ਸ਼ਰਧਾ) ਰੱਖਦੇ ਹਨ, ਕਿ ਉਹ ਅੱਗੇ ਆਉਣ ਅਤੇ ਨਰਕ ਵਿੱਚ ਡਿੱਗ ਰਹੇ ਇਨਸਾਨਾਂ ਨੂੰ ਬਚਾਉਣ ਦਾ ਅਪਣਾ ਫਰਜ਼ ਪੂਰਾ ਕਰਨ।

ਸਾਨੂੰ ਖੁਸ਼ੀ ਹੈ ਕਿ ਮਨੁੱਖ ਜਾਤੀ ਨਾਲ ਸੱਚੀ ਹਮਦਰਦੀ ਰੱਖਣ ਵਾਲੇ ਅਤੇ ਉਹਨਾਂ ਨੂੰ ਨਰਕ ਦੀ ਅੱਗ ਤੋਂ ਬਚਾਅ ਲੈਣ ਦੇ ਦੁੱਖ ਵਿੱਚ ਘੁਲਣ ਵਾਲੇ ਮੌਲਾਨਾ ਮੁਹੰਮਦ ਕਲੀਮ ਸਿੱਦੀਕੀ ਨੇ ਪ੍ਰੇਮ ਅਤੇ ਮੋਹ ਦੇ ਕੁੱਝ ਫੁੱਲ ਪੇਸ਼ ਕੀਤੇ ਹਨ। ਜਿਸ ਵਿੱਚ ਮਨੁੱਖਤਾ ਪ੍ਰਤੀ ਉਹਨਾਂ ਦਾ ਪਿਆਰ ਸਾਫ਼ ਝਲਕਦਾ ਹੈ ਅਤੇ ਇਸਦੇ ਰਾਹੀਂ ਉਨ੍ਹਾਂ ਨੇ ਉਹ ਫਰਜ਼ ਪੂਰਾ ਕੀਤਾ ਹੈ ਜੋ ਇੱਕ ਸੱਚੇ ਮੁਸਲਮਾਨ ਹੋਣ ਦੇ ਨਾਤੇ ਸਾਡੇ ਸਭ ਤੇ ਹੈ।

ਇਹਨਾਂ ਸ਼ਬਦਾਂ ਦੇ ਨਾਲ ਦਿਲ ਦੇ ਇਹ ਟੁਕੜੇ ਅਤੇ "ਆਪ ਦੀ ਅਮਾਨਤ" ਆਪ ਦੇ ਸਾਹਮਣੇ ਪੇਸ਼ ਹੈ।

ਵਸੀ ਸੁਲੇਮਾਨ 'ਨਦਵੀ'
ਸੰਪਾਦਕ ਉਰਦੂ ਮਾਸਿਕ 'ਅਰਮੁਗਾਨ'
ਫੁੱਲਤ, ਮੁਜ਼ੱਫਰਨਗਰ (ਯੂ. ਪੀ.)



ਅੱਲਾਹ ਦੇ ਨਾਮ ਨਾਲ ਜੋ ਬੇਹੱਦ ਰਹਿਮ ਕਰਨ ਵਾਲਾ ਅਤੇ ਦਇਆਵਾਨ ਹੈ।

## ਮੈਨੂੰ ਮੁਆਫ਼ ਕਰਨਾ

ਮੇਰੇ ਪਿਆਰੇ ਪਾਠਕੋ ! ਮੈਨੂੰ ਮੁਆਫ਼ ਕਰਨਾ, ਮੈਂ ਆਪਣੀ ਅਤੇ ਆਪਣੀ ਤਮਾਮ ਮੁਸਲਿਮ ਬਿਰਾਦਰੀ ਦੀ ਤਰਫੋਂ ਆਪ ਤੋਂ ਖ਼ਿਮਾ ਅਤੇ ਮਾਫ਼ੀ ਮੰਗਦਾ ਹਾਂ, ਜਿਸ ਨੇ ਮਨੁੱਖੀ ਜਗਤ ਦੇ ਸਭ ਤੋਂ ਵੱਡੇ ਸ਼ੈਤਾਨ (ਰਾਖਸ਼) ਦੇ ਬਹਿਕਾਵੇ ਵਿੱਚ ਆ ਕੇ ਆਪ ਦੀ ਸਭ ਤੋਂ ਵੱਡੀ ਦੌਲਤ ਆਪ ਤੱਕ ਨਹੀਂ ਪਹੁੰਚਾਈ। ਉਸ ਸ਼ੈਤਾਨ ਨੇ ਪਾਪ ਦੀ ਜਗ੍ਹਾ ਪਾਪੀ ਦੀ ਨਫਰਤ ਦਿਲ ਵਿੱਚ ਬੈਠਾ ਕੇ ਇਸ ਪੂਰੇ ਸੰਸਾਰ ਨੂੰ ਯੁੱਧ ਦਾ ਮੈਦਾਨ ਬਣਾ ਦਿੱਤਾ। ਇਸ ਗਲਤੀ ਦਾ ਅਹਿਸਾਸ ਕਰਕੇ ਹੀ ਮੈਂ ਅੱਜ ਕਲਮ ਚੁੱਕੀ ਹੈ ਕਿ ਆਪ ਦਾ ਅਧਿਕਾਰ (ਹੱਕ) ਆਪ ਤੱਕ ਪਹੁੰਚਾਵਾਂ ਅਤੇ ਬੇਗਰਜ਼ ਹੋ ਕੇ ਪ੍ਰੇਮ ਅਤੇ ਮਨੁੱਖਤਾ ਦੀਆਂ ਗੱਲਾਂ ਆਪ ਨਾਲ ਕਰਾਂ।

ਉਹ ਸੱਚਾ ਮਾਲਿਕ (ਸਵਾਮੀ) ਜਿਹੜਾ ਦਿਲਾਂ ਦੇ ਭੇਦ ਜਾਣਦਾ ਹੈ, ਗਵਾਹ ਹੈ ਕਿ ਇਹਨਾਂ ਪੰਨਿਆਂ ਨੂੰ ਆਪ ਤੱਕ ਪਹੁੰਚਾਉਣ ਲਈ ਮੈਂ ਬੇਗਰਜ਼ ਹਾਂ ਅਤੇ ਸੱਚੀ ਹਮਦਰਦੀ ਦਾ ਹੱਕ ਅਦਾ ਕਰਨਾ ਚਾਹੁੰਦਾ ਹਾਂ। ਇਹਨਾਂ ਗੱਲਾਂ ਨੂੰ ਆਪ ਤੱਕ ਨਾ ਪਹੁੰਚਾ ਸਕਣ ਦੇ ਗਮ ਵਿੱਚ ਮੇਰੀਆਂ ਕਿੰਨੀਆਂ ਰਾਤਾਂ ਦੀ ਨੀਂਦ ਉਡੀ ਹੈ। ਆਪ ਕੋਲ ਇੱਕ ਦਿਲ ਹੈ, ਉਸ ਤੋਂ ਪੁੱਛ ਲਓ, ਉਹ ਬਿਲਕੁਲ ਸੱਚਾ ਹੁੰਦਾ ਹੈ।

## ਇੱਕ ਪ੍ਰੇਮ ਵਾਣੀ

ਇਹ ਗੱਲ ਕਹਿਣ ਦੀ ਨਹੀਂ ਪਰ ਮੇਰੀ ਇੱਛਾ ਹੈ ਕਿ ਮੇਰੀਆਂ ਇਹਨਾਂ ਗੱਲਾਂ ਨੂੰ ਜੋ ਇੱਕ ਪ੍ਰੇਮਵਾਣੀ ਹੈ, ਤੁਸੀਂ ਪ੍ਰੇਮ ਦੀਆਂ ਅੱਖਾਂ ਨਾਲ ਦੇਖਣਾ ਅਤੇ ਪੜ੍ਹਨਾ। ਉਸ ਮਾਲਿਕ (ਸਵਾਮੀ) ਦੇ ਲਈ ਜੋ ਇਸ ਸਾਰੇ ਸੰਸਾਰ ਨੂੰ ਚਲਾਉਣ ਅਤੇ ਬਣਾਉਣ ਵਾਲਾ ਹੈ ਅਤੇ ਸੋਚ ਵਿਚਾਰ ਕਰਨਾ ਤਾਂ ਕਿ ਮੇਰੇ ਦਿਲ ਅਤੇ ਮੇਰੀ ਰੂਹ ਨੂੰ ਸ਼ਾਂਤੀ ਪ੍ਰਾਪਤ ਹੋਵੇ, ਕਿ ਮੈਂ ਆਪਣੇ ਭੈਣ ਜਾਂ ਭਰਾ ਦੀ ਉਹ ਅਮਾਨਤ ਉਸ ਤੱਕ ਪਹੁੰਚਾਈ

ਅਤੇ ਅਪਣੇ ਇਨਸਾਨ ਹੋਣ ਦਾ ਫਰਜ਼ ਪੂਰਾ ਕਰ ਦਿੱਤਾ ਹੈ।

ਇਸ ਸੰਸਾਰ ਵਿੱਚ ਆਉਣ ਤੋਂ ਬਾਅਦ ਇੱਕ ਇਨਸਾਨ ਦੇ ਲਈ ਜਿਸ ਸੱਚ ਨੂੰ ਜਾਨਣਾ ਅਤੇ ਮੰਨਣਾ ਜ਼ਰੂਰੀ ਹੈ ਅਤੇ ਜੋ ਉਸ ਦੀ ਸਭ ਤੋਂ ਵੱਡੀ ਜਿੰਮੇਵਾਰੀ ਅਤੇ ਫਰਜ਼ ਹੈ ਉਹ ਪ੍ਰੇਮ ਵਾਣੀ ਮੈਂ ਆਪ ਨੂੰ ਸੁਣਾਉਣਾ ਚਾਹੁੰਦਾ ਹਾਂ।

## ਕੁਦਰਤ ਦਾ ਸਭ ਤੋਂ ਵੱਡਾ ਸੱਚ

ਇਸ ਸੰਸਾਰ ਬਲਕਿ ਕੁਦਰਤ ਦੀ ਸਭ ਤੋਂ ਵੱਡੀ ਸੱਚਾਈ ਹੈ ਕਿ ਇਸ ਸੰਸਾਰ, ਸ੍ਰਿਸ਼ਟੀ ਅਤੇ ਕਾਇਨਾਤ ਨੂੰ ਬਣਾਉਣ ਵਾਲਾ, ਪੈਦਾ ਕਰਨ ਵਾਲਾ ਅਤੇ ਉਸਦਾ ਪ੍ਰਬੰਧ ਚਲਾਉਣ ਵਾਲਾ ਸਿਰਫ ਤੇ ਸਿਰਫ ਇੱਕ ਹੀ ਮਾਲਿਕ (ਸਵਾਮੀ) ਹੈ। ਉਹ ਅਪਣੀ ਹੋਂਦ (ਜ਼ਾਤ) ਅਤੇ ਗੁਣਾ (ਸਿਫ਼ਤਾਂ) ਵਿੱਚ ਇਕੱਲਾ ਹੈ। ਸੰਸਾਰ ਨੂੰ ਬਣਾਉਣ, ਚਲਾਉਣ, ਮਿਟਾਉਣ (ਮਾਰਨਾ), ਜਿਉਂਦਾ ਕਰਨ ਵਿੱਚ ਉਸਦਾ ਕੋਈ ਸਾਂਝੀ (ਸ਼ਰੀਕ) ਨਹੀਂ। ਉਹ ਇੱਕ ਅਜਿਹੀ ਸ਼ਕਤੀ ਹੈ ਜੋ ਹਰ ਜਗ੍ਹਾ ਮੌਜੂਦ ਹੈ, ਹਰ ਇੱਕ ਦੀ ਸੁਣਦਾ ਹੈ ਅਤੇ ਹਰ ਇੱਕ ਨੂੰ ਦੇਖਦਾ ਹੈ। ਸਾਰੇ ਸੰਸਾਰ ਵਿੱਚ ਇੱਕ ਪੱਤਾ ਵੀ ਉਸਦੀ ਆਗਿਆ ਤੋਂ ਬਿਨਾ ਨਹੀਂ ਹਿੱਲ ਸਕਦਾ। ਹਰ ਇਨਸਾਨ ਦੀ ਆਤਮਾ ਇਸ ਦੀ ਗਵਾਹੀ ਦਿੰਦੀ ਹੈ ਚਾਹੇ ਉਹ ਕਿਸੇ ਵੀ ਧਰਮ ਦਾ ਮੰਨਣ ਵਾਲਾ ਹੋਵੇ ਅਤੇ ਚਾਹੇ ਮੂਰਤੀ ਪੂਜਾ ਕਰਦਾ ਹੋਵੇ ਪਰ ਅੰਦਰੋਂ ਉਹ ਇਹ ਯਕੀਨ ਰੱਖਦਾ ਹੈ ਕਿ ਪਾਲਣਹਾਰ, ਰੱਬ ਅਤੇ ਅਸਲੀ ਮਾਲਿਕ ਕੇਵਲ 'ਉਹੀ' ਇਕ ਹੈ।

ਇਨਸਾਨ ਦੀ ਅਕਲ ਵਿਚ ਵੀ ਇਸ ਤੋਂ ਇਲਾਵਾ ਕੋਈ ਗੱਲ ਨਹੀਂ ਆਉਂਦੀ ਕਿ ਸਾਰੀ ਸ੍ਰਿਸ਼ਟੀ (ਕਾਇਨਾਤ) ਦਾ ਮਾਲਿਕ ਇਕੱਲਾ ਹੈ, ਜੇਕਰ ਕਿਸੇ ਸਕੂਲ ਦੇ ਦੋ ਪ੍ਰਿੰਸੀਪਲ ਹੋਣ ਤਾਂ ਸਕੂਲ ਨਹੀਂ ਚਲ ਸਕਦਾ, ਇੱਕ ਪਿੰਡ ਦੇ ਦੋ ਸਰਪੰਚ ਹੋਣ ਤਾਂ ਪਿੰਡ ਦਾ ਪ੍ਰਬੰਧ ਨਸ਼ਟ ਹੋ ਜਾਂਦਾ ਹੈ, ਕਿਸੇ ਇੱਕ ਦੇਸ਼ ਦੇ ਦੋ ਬਾਦਸ਼ਾਹ ਨਹੀਂ ਹੋ ਸਕਦੇ, ਤਾਂ ਇੰਨੀ ਵੱਡੀ ਸ੍ਰਿਸ਼ਟੀ (ਸੰਸਾਰ) ਦਾ ਪ੍ਰਬੰਧ ਇੱਕ ਤੋਂ ਜਿਆਦਾ ਰੱਬ ਜਾਂ ਮਾਲਿਕਾਂ ਦੁਆਰਾ ਕਿਵੇਂ ਚਲ ਸਕਦਾ ਹੈ ਅਤੇ ਸੰਸਾਰ ਦੇ ਪ੍ਰਬੰਧਕ ਕਈ ਲੋਕ ਕਿਸ ਤਰਾਂ ਹੋ ਸਕਦੇ ਹਨ ?



## ਇੱਕ ਦਲੀਲ

ਕੁਰਆਨ ਜੋ ਕਿ ਰੱਬੀ ਬਾਣੀ ਹੈ ਅਤੇ ਉਸ ਨੇ ਸੰਸਾਰ ਨੂੰ ਆਪਣੇ ਸੱਚੀ ਰੱਬੀ ਬਾਣੀ ਹੋਣ ਲਈ ਇੱਕ ਚੁਣੌਤੀ ਦਿੱਤੀ ਹੈ ਕਿ **"ਜੇਕਰ ਤੁਹਾਨੂੰ ਸ਼ੱਕ ਹੈ ਕਿ ਕੁਰਆਨ ਉਸ ਮਾਲਿਕ ਦਾ ਸੱਚਾ ਕਲਾਮ ਨਹੀਂ ਹੈ ਤਾਂ ਇਸ ਵਰਗੀ ਇੱਕ ਸੂਰਤ (ਛੋਟਾ ਅਧਿਆਏ) ਹੀ ਬਣਾ ਕੇ ਦਿਖਾਓ ਅਤੇ ਇਸ ਕੰਮ ਨੂੰ ਕਰਨ ਦੇ ਲਈ ਰੱਬ ਤੋਂ ਇਲਾਵਾ ਸਾਰੇ ਸੰਸਾਰ ਨੂੰ ਅਪਣੀ ਮਦਦ ਲਈ ਬੁਲਾ ਲਓ, ਜੇਕਰ ਤੁਸੀਂ ਸੱਚੇ ਹੋ।"**

(ਸੂਰਤ ਬਕਰਾਹ : 23)

ਚੌਦਾਂ ਸੌ ਸਾਲ ਤੋਂ ਅੱਜ ਤੱਕ ਇਸ ਸੰਸਾਰ ਵਿੱਚ ਵਸਣ ਵਾਲੇ, ਅਤੇ ਸਾਇੰਸ, ਕੰਪਿਊਟਰ ਤੱਕ ਖੋਜ ਕਰਕੇ ਥੱਕ ਚੁੱਕੇ ਅਤੇ ਆਪਣਾ ਸਿਰ ਝੁਕਾ ਚੁੱਕੇ ਹਨ। ਕਿਸੇ ਵਿੱਚ ਵੀ ਇਹ ਕਹਿਣ ਦੀ ਹਿੰਮਤ ਨਹੀਂ ਹੋਈ ਕਿ ਇਹ ਕੁਰਆਨ ਅੱਲਾਹ ਦੀ ਕਿਤਾਬ ਨਹੀਂ ਹੈ। ਇਸ ਪਵਿੱਤਰ ਕਿਤਾਬ ਵਿੱਚ ਮਾਲਿਕ ਨੇ ਸਾਡੀ ਬੁੱਧੀ ਨੂੰ ਸਮਝਾਉਣ ਲਈ ਅਨੇਕਾਂ ਦਲੀਲਾਂ ਦਿੱਤੀਆਂ ਹਨ। ਇੱਕ ਉਦਾਹਰਨ ਇਹ ਹੈ :-

**"ਜੇਕਰ ਧਰਤੀ ਤੇ ਅਕਾਸ਼ ਵਿੱਚ ਇੱਕ ਤੋਂ ਜ਼ਿਆਦਾ ਇਸ਼ਟ (ਅਤੇ ਮਾਲਿਕ) ਹੁੰਦੇ ਤਾਂ ਬੜੀ ਖ਼ਰਾਬੀ ਅਤੇ ਫਸਾਦ ਮਚ ਜਾਂਦਾ।"** **(ਸੂਰਤ ਅੰਬੀਆ : 22 )**

ਗੱਲ ਸਾਫ਼ ਹੈ ਕਿ ਜੇਕਰ ਇੱਕ ਤੋਂ ਇਲਾਵਾ ਕਈ ਮਾਲਿਕ ਹੁੰਦੇ ਤਾਂ ਝਗੜਾ ਹੁੰਦਾ। ਇੱਕ ਕਹਿੰਦਾ ਹੁਣ ਰਾਤ ਹੋਵੇਗੀ ਦੂਜਾ ਕਹਿੰਦਾ ਦਿਨ ਹੋਵੇਗਾ। ਇੱਕ ਕਹਿੰਦਾ ਛੇ ਮਹੀਨੇ ਦਾ ਦਿਨ ਹੋਵੇਗਾ, ਦੂਜਾ ਕਹਿੰਦਾ ਤਿੰਨ ਮਹੀਨੇ ਦਾ ਦਿਨ ਹੋਵੇਗਾ। ਇੱਕ ਕਹਿੰਦਾ ਸੂਰਜ ਅੱਜ ਪੱਛਮ ਤੋਂ ਨਿਕਲੇਗਾ, ਦੂਜਾ ਕਹਿੰਦਾ ਨਹੀਂ ਪੂਰਬ ਤੋਂ ਨਿਕਲੇ ਗਾ। ਜੇਕਰ ਦੇਵੀ ਦੇਵਤਿਆਂ ਦਾ ਇਹ ਅਧਿਕਾਰ ਸੱਚ ਹੁੰਦਾ ਅਤੇ ਉਹ ਅੱਲਾਹ ਦੇ ਕੰਮਾਂ ਵਿੱਚ ਸ਼ਰੀਕ ਵੀ ਹੁੰਦੇ ਤਾਂ ਕਦੇ ਅਜਿਹਾ ਹੁੰਦਾ ਕਿ ਇੱਕ ਦਾਸ ਨੇ ਪੂਜਾ ਅਰਚਨਾ ਕਰਕੇ ਵਰਖਾ ਦੇ ਦੇਵਤਾ ਤੋਂ ਆਪਣੀ ਗੱਲ ਮੰਨਵਾ ਲਈ, ਉਧਰੋਂ ਬੜੇ ਮਾਲਿਕ ਦੀ ਤਰਫੋਂ ਆਰਡਰ ਆਉਂਦਾ ਕਿ ਅਜੇ ਬਾਰਿਸ਼ ਨਹੀਂ ਹੋਵੇਗੀ, ਫਿਰ ਹੇਠਲੇ ਹੜਤਾਲ ਕਰ ਦਿੰਦੇ। ਹੁਣ ਲੋਕ ਬੈਠੇ ਹਨ ਕਿ ਦਿਨ ਨਹੀਂ ਚੜ੍ਹਦਾ, ਪਤਾ ਲੱਗਿਆ ਕਿ ਸੂਰਜ ਦੇਵਤਾ ਨੇ ਹੜਤਾਲ ਕਰ ਰੱਖੀ ਹੈ।

## ਸੱਚੀ ਗਵਾਹੀ

ਸੱਚ ਇਹ ਹੈ ਕਿ ਸੰਸਾਰ ਦੀ ਹਰ ਚੀਜ਼ ਗਵਾਹੀ ਦੇ ਰਹੀ ਹੈ, ਇਹ ਭਲੀ ਭਾਂਤ ਨਿਯਮ ਪੂਰਵਕ ਚਲਦਾ ਹੋਇਆ ਸ੍ਰਿਸ਼ਟੀ ਦਾ ਨਿਜ਼ਾਮ (ਸਿਸਟਮ) ਗਵਾਹੀ ਦੇ ਰਿਹਾ ਹੈ ਕਿ ਸੰਸਾਰ ਦਾ ਮਾਲਿਕ ਇੱਕ ਤੇ ਕੇਵਲ ਇੱਕੋ ਹੀ ਹੈ। ਉਹ ਜਦੋਂ ਚਾਹੇ ਅਤੇ ਜੋ ਚਾਹੇ ਕਰ ਸਕਦਾ ਹੈ। ਉਸਨੂੰ ਕਲਪਨਾ (ਅਟਕਲ) ਅਤੇ ਖਿਆਲਾਂ ਵਿੱਚ ਨਹੀਂ ਲਿਆਇਆ ਜਾ ਸਕਦਾ, ਉਸਦੀ ਮੂਰਤੀ (ਤਸਵੀਰ) ਨਹੀਂ ਬਣਾਈ ਜਾ ਸਕਦੀ। ਉਸ ਮਾਲਿਕ ਨੇ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨੂੰ ਮਨੁੱਖ ਦੀ ਸੇਵਾ ਲਈ ਪੈਦਾ ਕੀਤਾ। ਸੂਰਜ ਇਨਸਾਨ ਦਾ ਸੇਵਕ, ਹਵਾ ਇਨਸਾਨ ਦੀ ਸੇਵਕ, ਇਹ ਧਰਤੀ ਵੀ ਇਨਸਾਨ ਦੀ ਸੇਵਕ, ਅੱਗ, ਪਾਣੀ, ਜੀਵ-ਜੰਤੂ, ਪੇੜ-ਪੌਦੇ ਗੱਲ ਕੀ ਸੰਸਾਰ ਦੀ ਹਰ ਵਸਤੂ ਮਨੁੱਖ ਦੀ ਸੇਵਾ ਲਈ ਬਣਾਈ ਗਈ ਹੈ। ਇਨਸਾਨ ਨੂੰ ਇਹਨਾਂ ਸਾਰੀਆਂ ਚੀਜ਼ਾਂ ਦਾ ਸਰਦਾਰ (ਬਾਦਸ਼ਾਹ) ਬਣਾਇਆ ਗਿਆ ਹੈ । ਸਿਰਫ ਆਪਣਾ ਦਾਸ ਅਤੇ ਅਪਣੀ ਪੂਜਾ ਅਤੇ ਆਗਿਆ ਪਾਲਣ ਦੇ ਲਈ ਪੈਦਾ ਕੀਤਾ ਹੈ।

ਇਸ ਲਈ ਇਨਸਾਫ ਦੀ ਗੱਲ ਇਹ ਹੈ ਕਿ ਜਦ ਪੈਦਾ ਕਰਨ ਵਾਲਾ, ਜੀਵਨ ਦੇਣ ਵਾਲਾ, ਮਾਰਨ ਵਾਲਾ, ਖਾਣਾ ਪਾਣੀ ਦੇਣ ਵਾਲਾ ਅਤੇ ਜ਼ਿੰਦਗੀ ਦੀ ਹਰ ਇੱਕ ਜਰੂਰੀ ਵਸਤੂ ਦੇਣ ਵਾਲਾ 'ਉਹ' ਹੈ ਤਾਂ ਸੱਚੇ ਇਨਸਾਨ ਨੂੰ ਆਪਣਾ ਜੀਵਨ ਅਤੇ ਜੀਵਨ ਨਾਲ ਸਬੰਧਿਤ ਤਮਾਮ ਚੀਜ਼ਾਂ ਆਪਣੇ ਮਾਲਿਕ ਦੀ ਮਰਜ਼ੀ (ਇੱਛਾ) ਅਨੁਸਾਰ ਅਤੇ ਉਸਦਾ ਆਗਿਆਕਾਰੀ ਹੋ ਕੇ ਪ੍ਰਯੋਗ ਕਰਨੀਆਂ ਚਾਹੀਦੀਆਂ ਹਨ। ਜੇਕਰ ਇੱਕ ਆਦਮੀ ਆਪਣਾ ਜੀਵਨ ਉਸ ਇਕੱਲੇ ਮਾਲਿਕ ਦੀ ਆਗਿਆ ਵਿੱਚ ਨਹੀਂ ਗੁਜ਼ਾਰ ਰਿਹਾ ਤਾਂ ਉਹ ਇਨਸਾਨ ਨਹੀਂ।

## ਇੱਕ ਬੜੀ ਸੱਚਾਈ

ਉਸ ਸੱਚੇ ਮਾਲਿਕ ਨੇ ਆਪਣੇ ਸੱਚੇ ਗ੍ਰੰਥ ਕੁਰਆਨ ਵਿੱਚ ਇਹ ਸੱਚਾਈ ਸਾਨੂੰ ਦੱਸੀ ਹੈ।

**ਅਰਥ : "ਹਰ ਇੱਕ ਜਾਨਦਾਰ ਨੇ ਮੌਤ ਦਾ ਮਜ਼ਾ (ਸਵਾਦ) ਚੱਖਣਾ ਹੈ, ਫਿਰ ਤੁਹਾਨੂੰ ਸਾਡੇ ਵੱਲ ਮੁੜ ਕੇ ਆਉਣਾ ਹੋਵੇਗਾ।"**

**(ਸੂਰਤ ਅਨਕਬੂਤ : 57)**



ਇਸ ਆਇਤ (ਸ਼ਲੋਕ) ਦੇ ਦੋ ਹਿੱਸੇ ਹਨ। ਪਹਿਲਾਂ ਇਹ ਕਿ ਹਰ ਜਾਨਦਾਰ ਨੂੰ ਮੌਤ ਆਉਣੀ ਹੈ। ਇਹ ਇੱਕ ਅਜਿਹੀ ਸੱਚਾਈ ਹੈ ਕਿ ਹਰ ਧਰਮ, ਹਰ ਸਮਾਜ ਅਤੇ ਹਰ ਜਗ੍ਹਾ ਦਾ ਆਦਮੀ ਇਸ ਗੱਲ ਤੇ ਯਕੀਨ ਰੱਖਦਾ ਹੈ, ਬਲਕਿ ਜੋ ਧਰਮ ਨੂੰ ਮੰਨਦਾ ਵੀ ਨਹੀਂ ਉਹ ਵੀ ਇਸ ਦੀ ਸੱਚਾਈ ਅੱਗੇ ਸਿਰ ਝੁਕਾਉਂਦਾ ਹੈ, ਅਤੇ ਜਾਨਵਰ ਤੱਕ ਮੌਤ ਦੀ ਸੱਚਾਈ ਨੂੰ ਸਮਝਦੇ ਹਨ। ਚੂਹਾ ਬਿੱਲੀ ਨੂੰ ਵੇਖ ਕੇ ਭੱਜਦਾ ਹੈ, ਕੁੱਤਾ ਵੀ ਸੜਕ ਤੇ ਆਉਂਦੀ ਕਿਸੇ ਗੱਡੀ ਨੂੰ ਦੇਖ ਕੇ ਭੱਜ ਜਾਂਦਾ ਹੈ। ਇਸ ਲਈ ਕਿ ਇਨ੍ਹਾਂ ਨੂੰ ਮੌਤ ਦਾ ਯਕੀਨ ਹੈ।

## ਮੌਤ ਤੋਂ ਬਾਅਦ

ਇਸ ਆਇਤ (ਸ਼ਲੋਕ) ਦੇ ਦੂਜੇ ਹਿੱਸੇ ਵਿੱਚ ਕੁਰਆਨ ਮਜੀਦ ਇੱਕ ਵੱਡੀ ਸੱਚਾਈ ਵੱਲ ਸਾਡਾ ਧਿਆਨ ਦਿਵਾਉਂਦਾ ਹੈ ਤੇ ਜੇਕਰ ਉਹ ਇਨਸਾਨ ਦੀ ਸਮਝ ਵਿੱਚ ਆ ਜਾਵੇ ਤਾਂ ਸਾਰੇ ਸੰਸਾਰ ਦਾ ਮਾਹੌਲ ਬਦਲ ਜਾਵੇ। ਉਹ ਸੱਚਾਈ ਇਹ ਹੈ ਕਿ ਤੁਸੀਂ ਮਰਨ ਤੋਂ ਬਾਅਦ ਮੇਰੇ ਹੀ ਵੱਲ ਮੁੜ ਕੇ ਆਉਗੇ ਅਤੇ ਇਸ ਸੰਸਾਰ ਵਿੱਚ ਜਿਸ ਤਰ੍ਹਾਂ ਦੇ ਕੰਮ ਕਰੋਗੇ ਉਸ ਤਰ੍ਹਾਂ ਦਾ ਹੀ ਬਦਲਾ ਪਾਉਗੇ।

ਮਰਨ ਤੋਂ ਬਾਅਦ ਤੁਸੀਂ ਗਲ - ਸੜ ਜਾਉਗੇ, ਅਤੇ ਮੁੜ ਦੁਬਾਰਾ ਪੈਦਾ ਨਹੀਂ ਕੀਤੇ ਜਾਉਗੇ, ਅਜਿਹਾ ਨਹੀਂ ਹੈ। ਨਾ ਹੀ ਇਹ ਸੱਚ ਹੈ ਕਿ ਮਰਨ ਤੋਂ ਬਾਅਦ ਤੁਹਾਡੀ ਆਤਮਾ ਕਿਸੇ ਹੋਰ ਜੂਨੀ ਵਿੱਚ ਦਾਖਿਲ (ਪ੍ਰਵੇਸ਼) ਹੋ ਜਾਵੇਗੀ। ਇਹ ਦ੍ਰਿਸ਼ਟੀਕੋਣ ਕਿਸੇ ਵੀ ਇਨਸਾਨੀ ਅਕਲ ਦੀ ਕਸੌਟੀ ਤੇ ਖ਼ਰਾ ਨਹੀਂ ਉਤਰਦਾ।

ਪਹਿਲੀ ਗੱਲ ਇਹ ਹੈ ਕਿ ਆਵਾਗਮਨ ਦਾ ਇਹ ਦ੍ਰਿਸ਼ਟੀਕੋਣ ਵੇਦਾਂ ਵਿੱਚ ਨਹੀਂ ਮਿਲਦਾ, ਬਾਅਦ ਦੇ ਪੁਰਾਣਾਂ ਵਿੱਚ ਇਸਦਾ ਜ਼ਿਕਰ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਨਸਾਨ ਦੇ ਸ਼ੁਕਰਾਣੂਆਂ ਉੱਤੇ ਲਿਖੇ ਸੰਤਾਨ (ਔਲਾਦ) ਦੇ ਗੁਣ ਪਿਤਾ ਤੋਂ ਪੁੱਤਰ ਅਤੇ ਪੁੱਤਰ ਤੋਂ ਉਸਦੇ ਪੁੱਤਰ ਵਿੱਚ ਜਾਂਦੇ ਹਨ। ਇਸ ਧਾਰਨਾ ਦਾ ਆਰੰਭ ਇਸ ਤਰ੍ਹਾਂ ਹੋਇਆ ਕਿ ਸ਼ੈਤਾਨ (ਰਾਖਸ਼) ਨੇ ਧਰਮ ਦੇ ਨਾਂ ਤੇ ਲੋਕਾਂ ਨੂੰ ਊਚ ਨੀਚ ਵਿੱਚ ਬੰਨ ਦਿੱਤਾ। ਧਰਮ ਦੇ ਨਾਂ ਤੇ ਸ਼ੂਦਰਾਂ (ਨੀਚ ਵਰਗ) ਤੋਂ ਸੇਵਾ ਲੈਣ ਅਤੇ ਉਹਨਾਂ ਨੂੰ ਨੀਚ ਸਮਝਣ ਵਾਲੇ ਧਰਮ ਦੇ ਠੇਕੇਦਾਰਾਂ ਤੋਂ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੇ ਜਦ ਇਹ ਸਵਾਲ ਕੀਤਾ ਕਿ "ਜਦ ਸਾਡਾ ਪੈਦਾ ਕਰਨ ਵਾਲਾ ਈਸ਼ਵਰ ਹੈ ਅਤੇ ਉਸਨੇ ਸਭ ਇਨਸਾਨਾਂ ਨੂੰ ਅੱਖ, ਕੰਨ, ਨੱਕ ਅਤੇ ਹੱਥ ਪੈਰ ਹਰ ਚੀਜ਼ ਵਿੱਚ ਬਰਾਬਰ

ਬਣਾਇਆ ਹੈ, ਤਾਂ ਤੁਸੀਂ ਲੋਕਾਂ ਨੇ ਆਪਣੇ ਆਪ ਨੂੰ ਵੱਡਾ ਅਤੇ ਸਾਨੂੰ ਨੀਚ ਕਿਉਂ ਬਣਾਇਆ ਹੈ ?" ਇਸ ਦੇ ਲਈ ਉਹਨਾਂ ਨੇ ਆਵਾਗਮਨ ਦਾ ਸਹਾਰਾ ਲੈ ਕੇ ਇਹ ਕਹਿ ਦਿੱਤਾ ਕਿ "ਤੁਹਾਡੇ ਪਿਛਲੇ ਜਨਮ ਦੇ ਕਰਮਾਂ (ਕੰਮਾਂ) ਨੇ ਤੁਹਾਨੂੰ ਨੀਚ ਬਣਾਇਆ ਹੈ।"

ਇਸ ਧਾਰਨਾ ਦੇ ਮੁਤਾਬਿਕ ਸਾਰੀਆਂ ਆਤਮਾਵਾਂ ਦੁਬਾਰਾ ਪੈਦਾ ਹੁੰਦੀਆਂ ਹਨ ਅਤੇ ਅਪਣੇ ਕਰਮਾਂ ਦੇ ਹਿਸਾਬ ਨਾਲ ਜੂਨ ਬਦਲ ਕੇ ਆਉਂਦੀਆਂ ਹਨ। ਵੱਧ ਕੁਕਰਮ (ਬੁਰੇ ਕੰਮ) ਕਰਨ ਵਾਲੇ ਲੋਕ ਜਾਨਵਰ ਦੀ ਜੂਨ ਧਾਰਨ ਕਰਦੇ ਹਨ, ਅਤੇ ਉਸ ਤੋਂ ਵੀ ਜ਼ਿਆਦਾ ਬੁਰੇ ਕਰਮ ਕਰਨ ਵਾਲੇ ਲੋਕ ਬਨਸਪਤੀ (ਪੇੜ-ਪੌਦੇ) ਦੀ ਜੂਨ ਵਿਚ ਚਲੇ ਜਾਂਦੇ ਹਨ, ਅਤੇ ਜਿਸਦੇ ਕਰਮ ਚੰਗੇ ਹੁੰਦੇ ਹਨ ਉਹ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

## ਆਵਾਗਮਨ ਵਿਰੋਧੀ ਤਿੰਨ ਦਲੀਲਾਂ

1. ਇਸ ਸਿਲਸਿਲੇ ਵਿੱਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਸੰਸਾਰ ਦੇ ਵਿਦਵਾਨਾਂ ਅਤੇ ਖੋਜ ਦਾ ਕੰਮ ਕਰਨ ਵਾਲੇ ਸਾਇੰਸਦਾਨਾਂ ਦਾ ਕਹਿਣਾ ਹੈ ਕਿ ਇਸ ਧਰਤੀ ਉੱਤੇ ਸਭ ਤੋਂ ਪਹਿਲਾਂ ਬਨਸਪਤੀ ਨੇ ਜਨਮ ਲਿਆ। ਫਿਰ ਜਾਨਵਰ ਅਤੇ ਜੀਵ-ਜੰਤੂ ਪੈਦਾ ਹੋਏ ਅਤੇ ਉਸਤੋਂ ਕਰੋੜਾਂ ਸਾਲ ਬਾਅਦ ਇਸ ਧਰਤੀ ਉੱਤੇ ਇਨਸਾਨ ਦਾ ਜਨਮ ਹੋਇਆ। ਹੁਣ ਜਦ ਕਿ ਇਨਸਾਨ ਅਜੇ ਇਸ ਧਰਤੀ ਉੱਤੇ ਪੈਦਾ ਹੀ ਨਹੀਂ ਹੋਏ ਸਨ, ਅਤੇ ਕਿਸੇ ਇਨਸਾਨੀ ਆਤਮਾ ਨੇ ਅਜੇ ਬੁਰੇ ਕੰਮ ਕੀਤੇ ਹੀ ਨਹੀਂ ਸਨ, ਫਿਰ ਕਿਹੜੀਆਂ ਆਤਮਾਵਾਂ ਨੇ ਬਨਸਪਤੀ ਅਤੇ ਜਾਨਵਰਾਂ ਦੇ ਸਰੀਰ ਵਿੱਚ ਜਨਮ ਲਿਆ ?

2. ਦੂਸਰੀ ਗੱਲ ਇਹ ਹੈ ਕਿ ਇਸ ਧਾਰਨਾ ਨੂੰ ਮੰਨ ਲੈਣ ਤੋਂ ਬਾਅਦ ਇਹ ਮੰਨਣਾ ਪਵੇਗਾ ਕਿ ਇਸ ਧਰਤੀ ਉੱਤੇ ਪ੍ਰਾਣੀਆਂ ਦੀ ਗਿਣਤੀ ਲਗਾਤਾਰ ਘੱਟ ਹੁੰਦੀ ਰਹੇ, ਜਿਹੜੀਆਂ ਆਤਮਾਵਾਂ ਮੁਕਤੀ (ਮੋਕਸ਼) ਪ੍ਰਾਪਤ ਕਰ ਲੈਣਗੀਆਂ, ਉਹਨਾਂ ਦੀ ਸੰਖਿਆ ਘੱਟ ਹੁੰਦੀ ਰਹਿਣੀ ਚਾਹੀਦੀ ਹੈ, ਜਦਕਿ ਤੱਥ ਸਾਡੇ ਸਾਹਮਣੇ ਹੈ ਕਿ ਇਸ ਵਿਸ਼ਾਲ ਧਰਤੀ ਉੱਤੇ ਇਨਸਾਨ, ਜੀਵ-ਜੰਤੂ ਅਤੇ ਬਨਸਪਤੀ ਹਰ ਪ੍ਰਕਾਰ ਦੇ ਪ੍ਰਾਣੀਆਂ ਦੀ ਜਨ-ਸੰਖਿਆ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।



3. ਤੀਸਰੀ ਗੱਲ ਇਹ ਹੈ ਕਿ ਇਸ ਸੰਸਾਰ ਵਿੱਚ ਜਨਮ ਲੈਣ ਵਾਲੇ ਅਤੇ ਮਰਨ ਵਾਲਿਆਂ ਦੀ ਸੰਖਿਆ ਵਿੱਚ ਜਮੀਨ ਅਸਮਾਨ ਦਾ ਫਰਕ ਦਿਖਾਈ ਦਿੰਦਾ ਹੈ। ਮਰਨ ਵਾਲੇ ਮਨੁੱਖਾਂ ਦੀ ਤੁਲਨਾ ਵਿੱਚ ਜਨਮ ਲੈਣ ਵਾਲੇ ਬੱਚਿਆਂ ਦੀ ਸੰਖਿਆ ਕਿਤੇ ਵੱਧ ਹੈ। ਕਦੇ ਕਦੇ ਕਰੋੜਾਂ ਮੱਛਰ ਪੈਦਾ ਹੋ ਜਾਂਦੇ ਹਨ ਜਦਕਿ ਮਰਨ ਵਾਲੇ ਉਸ ਤੋਂ ਬਹੁਤ ਘੱਟ ਹੁੰਦੇ ਹਨ।

ਕਿਤੇ ਕਿਤੇ ਕੁੱਝ ਬੱਚਿਆਂ ਦੇ ਬਾਰੇ ਇਹ ਮਸ਼ਹੂਰ ਹੋ ਜਾਂਦਾ ਹੈ ਕਿ ਉਹ ਉਸ ਜਗ੍ਹਾ ਨੂੰ ਪਹਿਚਾਣਦਾ ਹੈ ਜਿੱਥੇ ਉਹ ਰਹਿੰਦਾ ਸੀ, ਅਪਣਾ ਪੁਰਾਣਾ ਨਾਮ ਦੱਸ ਦਿੰਦਾ ਹੈ ਅਤੇ ਇਹ ਵੀ ਕਿ ਉਹ ਦੁਬਾਰਾ ਜਨਮ ਲੈ ਰਿਹਾ ਹੈ । ਇਹ ਸਭ ਸ਼ੈਤਾਨ ਅਤੇ ਭੂਤ ਪ੍ਰੇਤ ਹੁੰਦੇ ਹਨ ਜੋ ਬੱਚਿਆਂ ਦੇ ਸਿਰ ਚੜ੍ਹਕੇ ਬੋਲਦੇ ਹਨ ਅਤੇ ਇਨਸਾਨ ਦਾ ਦੀਨ-ਈਮਾਨ ਖ਼ਰਾਬ ਕਰਦੇ ਹਨ।

ਸੱਚੀ ਗੱਲ ਇਹ ਹੈ ਕਿ ਇਹ ਸੱਚਾਈ ਮਰਨ ਤੋਂ ਬਾਅਦ ਹਰ ਇਨਸਾਨ ਦੇ ਸਾਹਮਣੇ ਆ ਜਾਵੇਗੀ ਕਿ ਮਨੁੱਖ ਮਰਨ ਤੋਂ ਬਾਅਦ ਆਪਣੇ ਮਾਲਿਕ ਦੇ ਕੋਲ ਜਾਂਦਾ ਹੈ ਅਤੇ ਇਸ ਸੰਸਾਰ ਵਿੱਚ ਉਸਨੇ ਜਿਸ ਤਰ੍ਹਾਂ ਦੇ ਕੰਮ ਕੀਤੇ ਹਨ ਉਸਦੇ ਹਿਸਾਬ ਅਨੁਸਾਰ ਸਜ਼ਾ ਜਾਂ ਇਨਾਮ ਪਾਏਗਾ।

## ਕਰਮਾਂ ਦਾ ਫਲ ਜ਼ਰੂਰ ਮਿਲੇਗਾ

ਜੇਕਰ ਉਹ ਚੰਗੇ ਕਰਮ ਕਰੇਗਾ, ਭਲਾਈ ਅਤੇ ਨੇਕੀ ਦੀ ਰਾਹ ਤੇ ਚਲੇਗਾ ਤਾਂ ਉਹ ਸਵਰਗ ਵਿੱਚ ਜਾਵੇਗਾ। ਸਵਰਗ ਜਿੱਥੇ ਹਰ ਪ੍ਰਕਾਰ ਦੇ ਆਰਾਮ ਦੀ ਚੀਜ਼ ਹੈ ਅਤੇ ਅਜਿਹੀਆਂ ਸੁੱਖ ਅਤੇ ਆਰਾਮ ਦੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਇਸ ਸੰਸਾਰ ਵਿੱਚ ਨਾ ਕਿਸੇ ਅੱਖ ਨੇ ਦੇਖਿਆ ਅਤੇ ਨਾ ਕਿਸੇ ਕੰਨ ਨੇ ਸੁਣਿਆ ਅਤੇ ਨਾ ਕਿਸੇ ਦਿਲ 'ਚ ਉਸਦਾ ਖਿਆਲ ਗੁਜ਼ਰਿਆ ਅਤੇ ਸਭ ਤੋਂ ਵੱਡੀ ਪ੍ਰਾਪਤੀ ਜੰਨਤ (ਸਵਰਗ) ਦੀ ਇਹ ਹੋਵੇਗੀ ਕਿ ਸਵਰਗੀ ਲੋਕ ਉੱਥੇ ਆਪਣੇ ਮਾਲਿਕ ਦੇ ਆਪਣੀਆਂ ਅੱਖਾਂ ਨਾਲ ਦਰਸ਼ਨ ਕਰ ਸਕਣਗੇ। ਜਿਸਦੇ ਬਰਾਬਰ ਆਨੰਦ ਅਤੇ ਪ੍ਰਸੰਨਤਾ ਦੀ ਕੋਈ ਚੀਜ਼ ਨਹੀਂ ਹੋਵੇਗੀ।

ਇਸੇ ਪ੍ਰਕਾਰ ਜੋ ਲੋਕ ਬੁਰੇ ਕਰਮ ਕਰਨਗੇ, ਪਾਪ ਕਰਕੇ ਆਪਣੇ ਮਾਲਿਕ ਦੀ ਆਗਿਆ ਦੀ ਉਲੰਘਣਾ ਕਰਨਗੇ, ਉਹ ਨਰਕ ਵਿੱਚ ਸੁੱਟੇ ਜਾਣਗੇ ਅਤੇ ਉਹ

ਉਥੇ ਅੱਗ ਵਿੱਚ ਜਲਣਗੇ। ਉਥੇ ਉਹਨਾਂ ਨੂੰ ਹਰ ਪਾਪ ਦੀ ਸਜ਼ਾ ਅਤੇ ਦੰਡ ਮਿਲੇ ਗਾ, ਅਤੇ ਸਭ ਤੋਂ ਵੱਡੀ ਸਜ਼ਾ ਇਹ ਹੋਵੇਗੀ ਕਿ ਉਹ ਆਪਣੇ ਮਾਲਿਕ ਦੇ ਦਰਸ਼ਨਾਂ ਤੋਂ ਵਾਂਝੇ (ਮਹਿਰੂਮ) ਰਹਿਣਗੇ ਅਤੇ ਉਹਨਾਂ ਉੱਤੇ ਉਹਨਾਂ ਦੇ ਮਾਲਿਕ ਦਾ ਬੇਹੱਦ ਕ੍ਰੋਧ (ਗੁੱਸਾ) ਹੋਵੇਗਾ।*

## ਰੱਬ ਦਾ ਸ਼ਰੀਕ ਬਣਾਉਣਾ ਸਭ ਤੋਂ ਵੱਡਾ ਪਾਪ ਹੈ

ਉਸ ਸੱਚੇ ਮਾਲਿਕ (ਸਵਾਮੀ) ਨੇ ਆਪਣੇ ਕੁਰਆਨ ਵਿੱਚ ਸਾਨੂੰ ਦੱਸਿਆ ਕਿ ਨੇਕੀਆਂ, ਚੰਗੇ ਕਰਮ, ਪੁੰਨ ਅਤੇ ਸਦਾਚਾਰ ਛੋਟੇ ਵੀ ਹੁੰਦੇ ਹਨ ਅਤੇ ਵੱਡੇ ਵੀ, ਇਸੇ ਪ੍ਰਕਾਰ ਉਸ ਮਾਲਿਕ (ਸਵਾਮੀ) ਦੇ ਨਜ਼ਦੀਕ ਗੁਨਾਹ, ਬੁਰੇ ਕਰਮ, ਪਾਪ ਵੀ ਛੋਟੇ-ਵੱਡੇ ਹੁੰਦੇ ਹਨ। ਉਸਨੇ ਸਾਨੂੰ ਦੱਸਿਆ ਹੈ ਕਿ ਜੋ ਪਾਪ ਸਾਨੂੰ ਸਭ ਤੋਂ ਵੱਧ ਸਜ਼ਾ ਦਾ ਹੱਕਦਾਰ ਬਣਾਉਂਦਾ ਹੈ ਅਤੇ ਜਿਸਨੂੰ ਉਹ ਕਦੇ ਵੀ ਮਾਫ਼ ਨਹੀਂ ਕਰੇਗਾ ਅਤੇ ਜਿਸਨੂੰ ਕਰਨ ਵਾਲਾ ਹਮੇਸ਼ਾ ਨਰਕ ਵਿੱਚ ਜਲਦਾ ਰਹੇਗਾ ਅਤੇ ਉਸਨੂੰ ਮੌਤ ਵੀ ਨਹੀਂ ਆਵੇਗੀ। ਉਹ ਉਸ ਇਕੱਲੇ ਮਾਲਿਕ (ਸਵਾਮੀ) ਨਾਲ ਕਿਸੇ ਨੂੰ ਸ਼ਰੀਕ (ਸਾਂਝੀਦਾਰ) ਬਣਾਉਣਾ ਹੈ, ਆਪਣੇ ਸੀਸ ਅਤੇ ਮੱਥੇ ਨੂੰ ਉਸ ਤੋਂ ਇਲਾਵਾ ਕਿਸੇ ਦੂਸਰੇ ਅੱਗੇ ਝੁਕਾਉਣਾ, ਆਪਣੇ ਹੱਥ ਕਿਸੇ ਹੋਰ ਦੇ ਅੱਗੇ ਜੋੜਨਾ, ਉਸਦੇ ਇਲਾਵਾ ਕਿਸੇ ਹੋਰ ਨੂੰ ਪੂਜਣਯੋਗ ਮੰਨਣਾ, ਮਾਰਨ ਵਾਲਾ, ਜ਼ਿੰਦਾ ਕਰਨ ਵਾਲਾ, ਰੋਜ਼ੀ-ਰੋਟੀ ਦੇਣ ਵਾਲਾ ਅਤੇ ਲਾਭ ਹਾਨੀ ਦਾ ਮਾਲਿਕ (ਸਵਾਮੀ) ਸਮਝਣਾ, ਘੋਰ ਪਾਪ ਅਤੇ ਬੇਹੱਦ ਅੱਤਿਆਚਾਰ (ਜ਼ੁਲਮ) ਹੈ, ਚਾਹੇ ਉਹ ਕਿਸੇ ਦੇਵੀ ਦੇਵਤਾ ਨੂੰ ਮੰਨਿਆ ਜਾਵੇ, ਜਾਂ ਸੂਰਜ ਚੰਨ, ਤਾਰੇ ਜਾਂ ਕਿਸੇ ਪੀਰ ਫ਼ਕੀਰ ਨੂੰ । ਕਿਸੇ ਨੂੰ ਵੀ ਉਸ ਮਾਲਿਕ ਤੋਂ ਇਲਾਵਾ ਪੂਜਣਯੋਗ ਸਮਝਣਾ ਸ਼ਿਰਕ ਹੈ, ਜਿਸਨੂੰ ਉਹ ਮਾਲਿਕ (ਸਵਾਮੀ) ਕਦੇ ਮਾਫ਼ ਨਹੀਂ ਕਰੇਗਾ।

ਇਸ ਤੋਂ ਇਲਾਵਾ ਹਰ ਪਾਪ ਨੂੰ ਉਹ ਅਗਰ ਚਾਹੇ ਤਾਂ ਮਾਫ ਕਰ ਦੇਵੇਗਾ। ਇਸ ਮਹਾਂ-ਪਾਪ ਨੂੰ ਖੁਦ ਸਾਡੀ ਅਕਲ ਵੀ ਇੰਨਾ ਹੀ ਬੁਰਾ ਸਮਝਦੀ ਹੈ ਅਤੇ ਅਸੀਂ ਵੀ ਇਸ ਕੰਮ ਨੂੰ ਇੰਨਾ ਹੀ ਨਾ-ਪਸੰਦ ਕਰਦੇ ਹਾਂ।

*ਸਵਰਗ ਅਤੇ ਨਰਕ ਅਤੇ ਇਸਦੇ ਬਾਰੇ ਵਿੱਚ ਵਧੇਰੇ ਜਾਣਕਾਰੀ ਲਈ ਪੜ੍ਹੋ ਹਿੰਦੀ ਪੁਸਤਕ :

"ਮਰਨੇ ਕੇ ਬਾਅਦ ਕਿਆ ਹੋਗਾ"

(ਮੌਲਾਨਾ ਆਸ਼ਿਕ ਇਲਾਹੀ ਬੁਲੰਦਸ਼ਹਿਰੀ)



## ਇੱਕ ਉਦਾਹਰਣ

ਉਦਾਹਰਨ ਵਜੋਂ ਜੇਕਰ ਤੁਹਾਡੀ ਪਤਨੀ ਬੜੀ ਝਗੜਾਲੂ ਅਤੇ ਗੱਲ-ਗੱਲ ਤੇ ਗਾਲ੍ਹਾਂ ਕੱਢਣ ਵਾਲੀ ਹੋਵੇ ਅਤੇ ਕੁੱਝ ਕਹਿਣਾ ਸੁਣਨਾ ਨਾ ਮੰਨਦੀ ਹੋਵੇ। ਪਰ ਜੇਕਰ ਤੁਸੀਂ ਉਸਨੂੰ ਘਰ ਤੋਂ ਨਿਕਲ ਜਾਣ ਲਈ ਕਹਿ ਦਿਓ, ਤਾਂ ਉਹ ਕਹਿੰਦੀ ਹੈ ਕਿ "ਮੈਂ ਕੇਵਲ ਤੇਰੀ ਹਾਂ, ਤੇਰੀ ਰਹਾਂਗੀ ਅਤੇ ਤੇਰੇ ਦਰਵਾਜ਼ੇ ਤੇ ਮਰਾਂਗੀ ਅਤੇ ਇੱਕ ਘੜੀ ਵੀ ਤੇਰੇ ਘਰ 'ਚੋਂ ਬਾਹਰ ਨਹੀਂ ਜਾਵਾਂਗੀ," ਤਾਂ ਤੁਸੀਂ ਲੱਖ ਕ੍ਰੋਧ ਅਤੇ ਗੁੱਸੇ ਦੇ ਬਾਵਜੂਦ ਵੀ ਉਸ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹੋ ਜਾਵੋਗੇ।

ਇਸਦੇ ਉਲਟ ਜੇਕਰ ਤੁਹਾਡੀ ਪਤਨੀ ਬੇਹੱਦ ਸੇਵਾ ਕਰਨ ਵਾਲੀ ਅਤੇ ਆਗਿਆਕਾਰੀ ਹੈ ਅਤੇ ਉਹ ਹਰ ਵਕਤ ਤੁਹਾਡਾ ਖਿਆਲ ਰੱਖਦੀ ਹੈ, ਜੇ ਤੁਸੀਂ ਅੱਧੀ ਰਾਤ ਨੂੰ ਘਰ ਮੁੜਦੇ ਹੋ ਤਾਂ ਤੁਹਾਡਾ ਇੰਤਜ਼ਾਰ ਕਰਦੀ ਰਹਿੰਦੀ ਹੈ, ਤੁਹਾਡੇ ਲਈ ਖਾਣਾ ਗਰਮ ਕਰਦੀ ਤੇ ਪਰੋਸਦੀ ਹੈ, ਪਿਆਰ ਮੁਹੱਬਤ ਦੀਆਂ ਗੱਲਾਂ ਕਰਦੀ ਹੈ। ਉਹ ਇੱਕ ਦਿਨ ਤੁਹਾਨੂੰ ਕਹਿਣ ਲੱਗੇ ਕਿ ਤੁਸੀਂ ਮੇਰੇ ਪਤੀ ਦੇਵ ਹੋ, ਮੇਰਾ 'ਕੱਲੇ ਤੁਹਾਡੇ ਨਾਲ ਕੰਮ ਨਹੀਂ ਚੱਲਦਾ, ਇਸ ਲਈ ਜਿਹੜਾ ਸਾਡਾ ਗੁਆਂਢੀ ਹੈ ਮੈਂ ਅੱਜ ਤੋਂ ਉਸਨੂੰ ਵੀ ਆਪਣਾ ਪਤੀ ਬਣਾ ਲਿਆ ਹੈ। ਜੇਕਰ ਤੁਹਾਡੇ ਵਿੱਚ ਕੁਝ ਵੀ ਸ਼ਰਮ ਅਤੇ ਇਨਸਾਨੀਅਤ ਹੈ ਅਤੇ ਤੁਹਾਡੇ ਖ਼ੂਨ ਵਿੱਚ ਗਰਮੀ ਹੈ ਤਾਂ ਤੁਸੀਂ ਇਹ ਬਰਦਾਸ਼ਤ ਨਹੀਂ ਕਰ ਸਕੋਂਗੇ, ਜਾਂ ਤਾਂ ਆਪਣੀ ਪਤਨੀ ਦੀ ਜਾਨ ਲੈ ਲਵੋਂਗੇ ਜਾਂ ਖੁਦ ਮਰ ਜਾਵੋਂਗੇ।

ਆਖਿਰ ਅਜਿਹਾ ਕਿਉਂ ਹੈ ? ਕੇਵਲ ਇਸ ਲਈ ਕਿ ਤੁਸੀਂ ਆਪਣੀ ਪਤਨੀ ਦੇ ਲਈ ਕਿਸੇ ਨੂੰ ਸ਼ਰੀਕ (ਸਾਂਝੀਦਾਰ) ਨਹੀਂ ਦੇਖਣਾ ਚਾਹੁੰਦੇ। ਤੁਸੀਂ ਵੀਰਜ (ਮਨੀ) ਦੀ ਇੱਕ ਬੂੰਦ ਤੋਂ ਬਣੇ ਹੋ ਅਤੇ ਆਪਣਾ ਸ਼ਾਂਝੀ ਬਣਾਉਣਾ ਪਸੰਦ ਨਹੀਂ ਕਰਦੇ ਤਾਂ ਉਹ ਮਾਲਿਕ (ਸਵਾਮੀ) ਜੋ ਉਸ ਗੰਦੀ ਬੂੰਦ ਤੋਂ ਇਨਸਾਨ ਨੂੰ ਪੈਦਾ ਕਰਦਾ ਹੈ, ਉਹ ਕਿਵੇਂ ਇਹ ਬਰਦਾਸ਼ਤ ਕਰ ਲਵੇਗਾ ਕਿ ਕੋਈ ਉਸਦਾ ਸ਼ਰੀਕ (ਸਾਂਝੀ) ਹੋਵੇ, ਉਸਦੇ ਨਾਲ ਕਿਸੇ ਹੋਰ ਦੀ ਪੂਜਾ ਕੀਤੀ ਜਾਵੇ। ਜਦਕਿ ਇਸ ਪੂਰੇ ਸੰਸਾਰ ਵਿੱਚ ਜਿਸਨੂੰ ਜੋ ਕੁੱਝ ਦਿੱਤਾ ਹੈ ਉਸਨੇ ਹੀ ਦਿੱਤਾ ਹੈ।

ਜਿਸ ਪ੍ਰਕਾਰ ਇੱਕ ਵੇਸਵਾ (ਕੰਜਰੀ) ਆਪਣੀ ਇੱਜ਼ਤ ਆਬਰੂ ਵੇਚ ਕੇ ਹਰ ਆਉਣ ਵਾਲੇ ਵਿਅਕਤੀ ਨੂੰ ਆਪਣੇ ਉੱਪਰ ਅਧਿਕਾਰ ਦੇ ਦਿੰਦੀ ਹੈ, ਤਾਂ ਇਸ ਦੇ ਕਾਰਣ ਉਹ ਸਾਡੀਆਂ ਨਜ਼ਰਾਂ ਤੋਂ ਗਿਰੀ ਹੋਈ ਰਹਿੰਦੀ ਹੈ। ਉਹ ਮਨੁੱਖ ਆਪਣੇ

ਮਾਲਿਕ (ਸਵਾਮੀ) ਦੀਆਂ ਨਜ਼ਰਾਂ ਵਿਚ ਉਸ ਤੋਂ ਵੀ ਜ਼ਿਆਦਾ ਨੀਚ ਅਤੇ ਗਿਰਿਆ ਹੋਇਆ ਹੈ, ਜੋ ਉਸਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ ਵਿੱਚ ਮਗਨ ਹੋਵੇ ਚਾਹੇ ਉਹ ਕੋਈ ਦੇਵਤਾ ਜਾਂ ਮੂਰਤੀ ਹੋਵੇ ਜਾਂ ਫਿਰ ਕੋਈ ਹੋਰ ਵਸਤੂ।

## ਪਵਿੱਤਰ ਕੁਰਆਨ ਵਿੱਚ ਮੂਰਤੀ ਪੂਜਾ ਸਬੰਧੀ ਉਦਾਹਰਣ

ਮੂਰਤੀ ਪੂਜਾ ਬਾਰੇ ਕੁਰਆਨ ਵਿੱਚ ਇੱਕ ਉਦਾਹਰਣ ਪੇਸ਼ ਕੀਤਾ ਗਿਆ ਹੈ ਜੋ ਗੌਰ ਵਿਚਾਰ ਕਰਨ ਯੋਗ ਹੈ :

''ਅੱਲਾਹ ਨੂੰ ਛੱਡ ਕੇ ਤੁਸੀਂ ਜਿੰਨ੍ਹਾਂ ਵਸਤੂਆਂ ਨੂੰ ਪੂਜਦੇ ਹੋ ਉਹ ਸਾਰੀਆਂ ਮਿਲਕੇ ਇੱਕ ਮੱਖੀ ਵੀ ਪੈਦਾ ਨਹੀਂ ਕਰ ਸਕਦੀਆਂ ਅਤੇ ਪੈਦਾ ਕਰਨਾ ਤਾਂ ਦੂਰ ਦੀ ਗੱਲ ਹੈ ਜੇਕਰ ਮੱਖੀ ਉਹਨਾਂ ਸਾਹਮਣਿਓਂ ਕੋਈ ਚੀਜ਼ ਪ੍ਰਸਾਦਿ ਵਗੈਰਾ ਖੋਹ ਕੇ ਲੈ ਜਾਵੇ ਤਾਂ ਉਹ ਵਾਪਸ ਨਹੀਂ ਲੈ ਸਕਦੀਆਂ। ਫਿਰ ਕੈਸੇ ਕਾਇਰ ਨੇ ਪੂਜਯ (ਜਿਸਦੀ ਪੂਜਾ ਕੀਤੀ ਜਾਵੇ) ਅਤੇ ਕੈਸੇ ਕਮਜ਼ੋਰ ਨੇ ਪੂਜਣ ਵਾਲੇ ਅਤੇ ਉਹਨਾਂ ਨੇ ਉਸ ਅੱਲਾਹ ਦੀ ਕਦਰ ਨਹੀਂ ਕੀਤੀ ਜੈਸੀ ਕਰਨੀ ਚਾਹੀਦੀ ਸੀ, ਜੋ ਤਾਕਤਵਰ ਅਤੇ ਜਬਰਦਸਤ ਹੈ।" (ਸੂਰਤ ਹੱਜ : 73)

ਕਿੰਨੀ ਵਧੀਆ ਮਿਸਾਲ ਹੈ ਬਨਾਉਣ ਵਾਲਾ ਤਾਂ ਖੁਦ 'ਭਗਵਾਨ' ਹੁੰਦਾ ਹੈ। ਆਪਣੇ ਹੱਥਾਂ ਨਾਲ ਬਣਾਈਆਂ ਗਈਆਂ ਮੂਰਤੀਆਂ ਨੂੰ ਅਸੀਂ ਬਣਾਉਣ ਵਾਲੇ ਹਾਂ, ਜੇਕਰ ਇਹਨਾਂ ਮੂਰਤੀਆਂ ਵਿੱਚ ਥੋੜੀ ਬਹੁਤ ਵੀ ਸਮਝ ਹੁੰਦੀ ਤਾਂ ਇਹ ਸਾਡੀ ਪੂਜਾ ਕਰਦੀਆਂ।

## ਇੱਕ ਬੋਦਾ ਵਿਚਾਰ

ਕੁੱਝ ਲੋਕਾਂ ਦਾ ਮੰਨਣਾ ਇਹ ਹੈ ਕਿ ਅਸੀਂ ਉਹਨਾਂ ਦੀ ਪੂਜਾ ਇਸ ਲਈ ਕਰਦੇ ਹਾਂ ਕਿ 'ਉਹਨਾਂ' ਨੇ ਹੀ ਸਾਨੂੰ ਮਾਲਿਕ (ਸਵਾਮੀ) ਦਾ ਰਸਤਾ ਦਿਖਾਇਆ ਅਤੇ ਉਹਨਾਂ ਦੇ ਜ਼ਰੀਏ ਹੀ ਅਸੀਂ ਮਾਲਿਕ (ਸਵਾਮੀ) ਦੀ ਦਇਆ ਪ੍ਰਾਪਤ ਕਰਦੇ ਹਾਂ। ਇਹ ਬਿਲਕੁਲ ਅਜਿਹੀ ਗੱਲ ਹੋਈ ਕਿ ਕੋਈ ਕੁਲੀ ਤੋਂ ਰੇਲਗੱਡੀ ਬਾਰੇ ਪਤਾ ਕਰੇ, ਜਦ ਕੁਲੀ ਉਹਨੂੰ ਰੇਲ ਬਾਰੇ ਜਾਣਕਾਰੀ ਦੇ ਦੇਵੇ ਤਾਂ ਉਹ ਰੇਲ ਦੀ ਜਗ੍ਹਾ ਕੁਲੀ ਉਤੇ ਹੀ ਸਵਾਰ ਹੋ ਜਾਵੇ ਕਿ ਇਸਨੇ ਹੀ ਸਾਨੂੰ ਰੇਲ ਬਾਰੇ ਦੱਸਿਆ ਹੈ। ਇਸੇ ਤਰਾਂ ਅੱਲਾਹ ਦੀ ਸਹੀ ਦਿਸ਼ਾ ਅਤੇ ਮਾਰਗ ਦੱਸਣ ਵਾਲੇ ਦੀ ਪੂਜਾ ਕਰਨੀ ਬਿਲਕੁਲ ਇਸ ਤਰਾਂ ਹੈ ਜਿਵੇਂ ਰੇਲਗੱਡੀ ਨੂੰ ਛੱਡ ਕੇ ਕੁਲੀ ਉਤੇ ਸਵਾਰ ਹੋ ਜਾਣਾ।



ਕੁਝ ਭਰਾ ਇਹ ਵੀ ਕਹਿੰਦੇ ਹਨ ਕਿ ਅਸੀਂ ਕੇਵਲ ਰੱਬ ਦਾ ਧਿਆਨ ਜਮਾਉਣ ਲਈ ਹੀ ਇਹਨਾਂ ਮੂਰਤੀਆਂ ਨੂੰ ਸਾਹਮਣੇ ਰੱਖਦੇ ਹਾਂ। ਇਹ ਵੀ ਵਧੀਆ ਗੱਲ ਕੀਤੀ, ਕਿ ਖੂਬ ਗੌਰ ਨਾਲ ਖੰਭੇ ਨੂੰ ਦੇਖ ਰਹੇ ਨੇ, ਕਿ ਪਿਤਾ ਜੀ ਦਾ ਧਿਆਨ ਜਮਾਉਣ ਲਈ ਖੰਭੇ ਨੂੰ ਦੇਖ ਰਹੇ ਹਾਂ। ਕਿੱਥੇ ਪਿਤਾ ਜੀ ਅਤੇ ਕਿੱਥੇ ਖੰਭਾ? ਕਿੱਥੇ ਇਹ ਕਮਜ਼ੋਰ ਮੂਰਤੀ ਅਤੇ ਕਿੱਥੇ ਉਹ ਬੇਹੱਦ ਤਾਕਤਵਰ, ਮਿਹਰਬਾਨ, ਦਿਆਲੂ ਮਾਲਿਕ, ਇਸ ਨਾਲ ਧਿਆਨ ਲੱਗੇਗਾ ਜਾਂ ਹਟੇਗਾ ?

ਨਤੀਜਾ ਇਹ ਨਿਕਲਿਆ ਹੈ ਕਿ ਕਿਸੇ ਵੀ ਤਰੀਕੇ ਨਾਲ, ਕਿਸੇ ਨੂੰ ਵੀ 'ਉਸਦਾ' ਸ਼ਰੀਕ ਮੰਨਣਾ ਸਭ ਤੋਂ ਵੱਡਾ ਪਾਪ ਹੈ, ਜਿਸਨੂੰ ਪ੍ਰਮਾਤਮਾ ਕਦੇ ਵੀ ਮਾਫ਼ ਨਹੀਂ ਕਰੇਗਾ ਅਤੇ ਅਜਿਹਾ ਆਦਮੀ ਹਮੇਸ਼ਾਂ ਲਈ ਨਰਕ ਦਾ ਬਾਲਣ ਬਣੇਗਾ।

## ਸਭ ਤੋਂ ਉੱਤਮ ਨੇਕੀ ਈਮਾਨ ਹੈ

ਇਸੇ ਤਰ੍ਹਾਂ ਸਭ ਤੋਂ ਵੱਡੀ ਭਲਾਈ, ਪੁੰਨ ਅਤੇ ਨੇਕੀ 'ਈਮਾਨ' ਹੈ। ਜਿਸਦੇ ਬਾਰੇ ਸੰਸਾਰ ਦੇ ਸਾਰੇ ਧਰਮਾਂ ਵਾਲੇ ਕਹਿੰਦੇ ਹਨ ਕਿ ਸਭ ਕੁੱਝ ਇੱਥੇ ਹੀ ਛੱਡ ਜਾਣਾ ਹੈ ਅਤੇ ਮਰਨ ਤੋਂ ਬਾਅਦ ਆਦਮੀ ਦੇ ਨਾਲ ਸਿਰਫ ''ਈਮਾਨ'' ਜਾਵੇਗਾ। ਈਮਾਨਦਾਰੀ ਜਾਂ ਈਮਾਨ ਵਾਲਾ ਉਸ ਨੂੰ ਕਹਿੰਦੇ ਹਨ ਜਿਹੜਾ ਹੱਕ ਵਾਲੇ ਨੂੰ ਹੱਕ ਦੇਣ ਵਾਲਾ ਹੋਵੇ। ਹੱਕ ਮਾਰਨ ਵਾਲੇ ਨੂੰ ਜ਼ਾਲਿਮ ਕਹਿੰਦੇ ਹਨ। ਇਸ ਮਨੁੱਖ ਉਪਰ ਸਭ ਤੋਂ ਵੱਡਾ ਹੱਕ ਉਸਦੇ ਪੈਦਾ ਕਰਨ ਵਾਲੇ ਦਾ ਹੈ। ਉਹ ਇਹ ਕਿ ਸਭ ਨੂੰ ਪੈਦਾ ਕਰਨ ਵਾਲ, ਮਾਰਨ ਵਾਲਾ, ਜ਼ਿੰਦਗੀ ਦੇਣ ਵਾਲਾ ਮਾਲਿਕ ਰੱਬ (ਪਾਲਣਹਾਰ) ਅਤੇ ਪੂਜਣਯੋਗ ਉਹ ਇਕੱਲਾ ਹੈ ਤਾਂ ਫਿਰ ਉਸੇ ਦੀ ਪੂਜਾ ਕੀਤੀ ਜਾਵੇ, ਉਸੇ ਨੂੰ ਮਾਲਿਕ (ਸਵਾਮੀ), ਲਾਭ-ਹਾਨੀ, ਇੱਜ਼ਤ-ਜ਼ਿੱਲਤ ਦੇਣ ਵਾਲਾ ਸਮਝਿਆ ਜਾਵੇ ਅਤੇ ਇਹ ਦਿੱਤਾ ਹੋਇਆ ਜੀਵਨ ਉਸੇ ਦੀ ਮਰਜ਼ੀ (ਇੱਛਾ) ਅਤੇ ਆਗਿਆ ਪਾਲਣ ਨਾਲ ਬਤੀਤ ਕੀਤਾ ਜਾਵੇ ਭਾਵ ਉਸੇ ਨੂੰ ਮੰਨਿਆ ਜਾਵੇ ਅਤੇ ਉਸੇ ਦੀ ਮੰਨੀ ਜਾਵੇ, ਇਸੇ ਦਾ ਨਾਮ ''ਈਮਾਨ'' ਹੈ। ਉਸ ਮਾਲਿਕ ਨੂੰ ਇਕੱਲਾ ਮੰਨੇ ਬਿਨਾਂ ਅਤੇ ਉਸ ਦੀ ਆਗਿਆ ਪਾਲਣ ਤੋਂ ਬਗੈਰ ਇਨਸਾਨ ਈਮਾਨਦਾਰ ਨਹੀਂ ਹੋ ਸਕਦਾ ਬਲਕਿ ਉਹ 'ਬੇਈਮਾਨ' ਕਹਾਏਗਾ।

ਮਾਲਿਕ ਦਾ ਸਭ ਤੋਂ ਵੱਡਾ ਹੱਕ ਮਾਰ ਕੇ ਲੋਕਾਂ ਦੇ ਸਾਹਮਣੇ ਈਮਾਨਦਾਰੀ ਦਿਖਾਉਣਾ ਅਜਿਹਾ ਹੀ ਹੈ ਕਿ ਇੱਕ ਡਾਕੂ ਬਹੁਤ ਵੱਡੇ ਡਕੈਤੀ ਨਾਲ ਅਮੀਰ ਬਣ

ਜਾਵੇ ਅਤੇ ਫਿਰ ਦੁਕਾਨ ਤੇ ਲਾਲਾ ਜੀ ਨੂੰ ਕਹੇ ਕਿ "ਤੁਹਾਡਾ ਇੱਕ ਪੈਸਾ ਹਿਸਾਬ ਵਿੱਚ ਜ਼ਿਆਦਾ ਚਲਾ ਗਿਆ ਹੈ, ਉਹ ਤੁਸੀਂ ਲੈ ਲਓ", ਇੰਨਾਂ ਮਾਲ ਲੁੱਟਣ ਤੋਂ ਬਾਅਦ ਇੱਕ ਦੋ ਪੈਸੇ ਦਾ ਹਿਸਾਬ ਦੇਣਾ ਜਿਸ ਤਰ੍ਹਾਂ ਦੀ ਈਮਾਨਦਾਰੀ ਹੈ। ਆਪਣੇ ਮਾਲਿਕ ਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ ਅਰਚਨਾ ਕਰਨਾ ਉਸ ਤੋਂ ਵੀ ਬੁਰੀ ਈਮਾਨਦਾਰੀ ਹੈ।

ਈਮਾਨਦਾਰੀ ਤਾਂ ਸਿਰਫ਼ ਇਹ ਹੈ ਕਿ ਇਨਸਾਨ ਆਪਣੇ ਮਾਲਿਕ ਨੂੰ ਇਕੱਲਾ ਮੰਨੇ, ਉਸ ਇਕੱਲੇ ਦੀ ਪੂਜਾ ਕਰੇ ਅਤੇ ਉਸ ਦੁਆਰਾ ਦਿੱਤੇ ਗਏ ਜੀਵਨ ਦੇ ਹਰ ਪਲ ਨੂੰ ਮਾਲਿਕ ਦੀ ਮਰਜ਼ੀ (ਇੱਛਾ) ਅਤੇ ਆਗਿਆ ਪਾਲਣ ਦੇ ਨਾਲ ਬਤੀਤ ਕਰੇ। ਉਸ ਦੇ ਦਿੱਤੇ ਹੋਏ ਜੀਵਨ ਨੂੰ ਉਸਦੀ ਆਗਿਆ ਅਨੁਸਾਰ ਬਿਤਾਉਣਾ ਹੀ ਧਰਮ ਕਹਾਉਂਦਾ ਹੈ ਅਤੇ ਉਸਦੀ ਆਗਿਆ ਦੀ ਉਲੰਘਣਾ ਕਰਨਾ ਅਧਰਮ।

## ਸੱਚਾ ਧਰਮ

ਸੱਚਾ ਧਰਮ ਸ਼ੁਰੂ ਤੋਂ ਹੀ ਇੱਕ ਹੈ ਅਤੇ ਸਭ ਦੀ ਸਿੱਖਿਆ ਹੈ ਕਿ ਉਸ ਇਕੱਲੇ ਨੂੰ ਮੰਨਿਆ ਜਾਵੇ ਅਤੇ ਉਸਦੀ ਆਗਿਆ ਦਾ ਪਾਲਣ ਕੀਤਾ ਜਾਵੇ। ਪਵਿੱਤਰ ਕੁਰਆਨ ਨੇ ਕਿਹਾ ਹੈ :

*"ਧਰਮ ਤਾਂ ਅੱਲਾਹ ਦੇ ਪਾਸ ਸਿਰਫ ਇਸਲਾਮ ਹੈ ਅਤੇ ਇਸਲਾਮ ਤੋਂ ਇਲਾਵਾ ਜੋ ਵੀ ਧਰਮ ਲਿਆਂਦਾ ਜਾਵੇਗਾ, ਉਹ ਮੰਨਣਯੋਗ ਨਹੀਂ"*

(ਸੂਰਤ ਆਲੇ ਇਮਰਾਨ : 19, 85)

ਇਨਸਾਨ ਦੀ ਕਮਜ਼ੋਰੀ ਹੈ ਕਿ ਉਸਦੀ ਅੱਖ ਇੱਕ ਸੀਮਿਤ ਹੱਦ ਤੱਕ ਵੇਖ ਸਕਦੀ ਹੈ। ਉਸਦੇ ਕੰਨ ਇੱਕ ਹੱਦ ਤੱਕ ਸੁਣ ਸਕਦੇ ਹਨ, ਉਸਦੀ ਸੁੰਘਣ, ਚੱਖਣ ਅਤੇ ਛੂਹਣ ਦੀਆਂ ਸ਼ਕਤੀਆਂ ਵੀ ਸੀਮਿਤ ਹਨ। ਇਹਨਾਂ ਪੰਜ ਇੰਦਰੀਆਂ ਤੋਂ ਉਸਦੀ ਬੁੱਧੀ ਨੂੰ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਬੁੱਧੀ ਦੇ ਕੰਮ ਦੀ ਵੀ ਇੱਕ ਹੱਦ ਹੈ। ਉਹ ਮਾਲਿਕ ਕਿਸ ਤਰ੍ਹਾਂ ਦਾ ਜੀਵਨ ਪਸੰਦ ਕਰਦਾ ਹੈ, ਉਸਦੀ ਪੂਜਾ (ਇਬਾਦਤ) ਕਿਸ ਪ੍ਰਕਾਰ ਕੀਤੀ ਜਾਵੇ, ਮਰਨ ਤੋਂ ਬਾਅਦ ਕੀ ਹੋਵੇਗਾ, ਸਵਰਗ ਅਤੇ ਨਰਕ ਵਿੱਚ ਲੈ ਜਾਣ ਵਾਲੇ ਕਰਮ ਕਿਹੜੇ ਹਨ ? ਇਹ ਸਾਰਾ ਕੁੱਝ ਇਨਸਾਨ ਦੀ ਅਕਲ ਅਤੇ ਇਨਸਾਨ ਖ਼ੁਦ ਪਤਾ ਨਹੀਂ ਕਰ ਸਕਦਾ।

## ਈਸ਼ਦੂਤ

ਇਨਸਾਨ ਦੀ ਇਸ ਕਮਜ਼ੋਰੀ ਤੇ ਦਇਆ ਕਰਕੇ ਉਸ ਮਾਲਿਕ ਨੇ ਉਹਨਾਂ ਮਹਾਂ-ਪੁਰਸ਼ਾ ਉੱਤੇ (ਜਿੰਨ੍ਹਾਂ ਨੂੰ ਉਸਨੇ ਇਸ ਪਦਵੀ ਦੇ ਯੋਗ ਸਮਝਿਆ) ਆਪਣੇ ਦੂਤਾਂ



(ਫਰਿਸ਼ਤਿਆਂ) ਰਾਹੀਂ ਆਪਣੇ ਹੁਕਮ ਭੇਜੇ। ਉਹਨਾਂ ਮਹਾਂ-ਪੁਰਸ਼ਾਂ ਨੇ ਇਨਸਾਨ ਨੂੰ ਜੀਵਨ ਬਤੀਤ ਕਰਨ ਅਤੇ ਉਸ ਮਾਲਿਕ (ਸਵਾਮੀ) ਦੀ ਇਬਾਦਤ ਦੇ ਢੰਗ ਦੱਸੇ ਅਤੇ ਜ਼ਿੰਦਗੀ ਦੀਆਂ ਉਹ ਹਕੀਕਤਾਂ (ਸੱਚਾਈਆਂ) ਦੱਸੀਆਂ ਜਿਸਨੂੰ ਉਹ ਆਪਣੀ ਬੁੱਧੀ ਦੇ ਆਧਾਰ ਤੇ ਨਹੀਂ ਸਮਝ ਸਕਦਾ ਸੀ। ਅਜਿਹੇ ਮਹਾਂ-ਪੁਰਖਾਂ ਨੂੰ ਨਬੀ, ਰਸੂਲ ਜਾਂ ਪੈਗੰਬਰ (ਸੰਦੇਸ਼ਵਾਹਕ) ਕਿਹਾ ਜਾਂਦਾ ਹੈ। ਉਸਨੂੰ ਅਵਤਾਰ ਵੀ ਕਹਿ ਸਕਦੇ ਹਾਂ, ਜੇਕਰ 'ਅਵਤਾਰ' ਦਾ ਅਰਥ ਇਹ ਹੋਵੇ 'ਜਿਸਤੇ ਉਤਾਰਿਆ ਜਾਵੇ'। ਅੱਜਕਲ 'ਅਵਤਾਰ' ਦਾ ਮਤਲਬ ਇਹ ਸਮਝਿਆ ਜਾਂਦਾ ਹੈ ਕਿ ਉਹ ਖੁਦ ਭਗਵਾਨ ਹੈ ਭਾਵ ਭਗਵਾਨ ਉਸਦੇ ਰੂਪ ਵਿੱਚ ਪ੍ਰਗਟ ਹੋਇਆ। ਇਹ ਅੰਧ ਵਿਸ਼ਵਾਸ ਹੈ। ਇਹ ਬਹੁਤ ਵੱਡਾ ਪਾਪ ਹੈ। ਇਸ ਅੰਧ-ਵਿਸ਼ਵਾਸ ਨੇ ਇੱਕ ਮਾਲਿਕ (ਸਵਾਮੀ) ਦੀ ਪੂਜਾ ਤੋਂ ਹਟਾ ਕੇ ਮਨੁੱਖ ਨੂੰ ਮੂਰਤੀ ਪੂਜਾ ਦੀ ਦਲਦਲ 'ਚ ਫਸਾ ਦਿੱਤਾ।

ਇਹ ਮਹਾਂਪੁਰਖ ਜਿਨ੍ਹਾਂ ਨੂੰ ਅੱਲਾਹ ਨੇ ਲੋਕਾਂ ਨੂੰ ਸੱਚਾ ਮਾਰਗ ਦੱਸਣ ਲਈ ਚੁਣਿਆ, ਅਤੇ ਜਿਸਨੂੰ ਨਬੀ, ਰਸੂਲ ਕਿਹਾ ਗਿਆ, ਹਰ ਬਸਤੀ ਅਤੇ ਖੇਤਰ ਅਤੇ ਹਰ ਜ਼ਮਾਨੇ ਵਿੱਚ ਆਉਂਦੇ ਰਹੇ ਹਨ। ਉਹਨਾਂ ਸਾਰਿਆਂ ਨੇ ਇੱਕ ਈਸ਼ਵਰ ਨੂੰ ਮੰਨਣ, ਕੇਵਲ ਉਸ ਇਕੱਲੇ ਦੀ ਪੂਜਾ ਕਰਨ ਅਤੇ ਉਸਦੀ ਮਰਜ਼ੀ ਨਾਲ ਜ਼ਿੰਦਗੀ ਬਤੀਤ ਕਰਨ ਦਾ ਜੋ ਢੰਗ (ਸ਼ਰੀਅਤ ਜਾਂ ਧਾਰਮਿਕ ਕਾਨੂੰਨ) ਉਹ ਲਿਆਏ ਹਨ, ਉਸਦਾ ਪਾਲਣ ਕਰਨ ਨੂੰ ਕਿਹਾ। ਉਹਨਾਂ 'ਚੋਂ ਕਿਸੇ ਇਕ ਰਸੂਲ ਨੇ ਵੀ, ਇੱਕ ਰੱਬ ਤੋਂ ਇਲਾਵਾ ਕਿਸੇ ਹੋਰ ਦੀ ਪੂਜਾ ਲਈ ਨਹੀਂ ਕਿਹਾ, ਬਲਕਿ ਉਹਨਾਂ ਨੇ ਸਭ ਤੋਂ ਜ਼ਿਆਦਾ ਇਸੇ ਪਾਪ ਤੋਂ ਰੋਕਿਆ। ਉਹਨਾਂ ਦੀਆਂ ਗੱਲਾਂ ਤੇ ਲੋਕਾਂ ਨੇ ਯਕੀਨ ਕੀਤਾ ਅਤੇ ਸੱਚੇ ਰਸਤੇ ਤੇ ਚੱਲਣ ਲੱਗੇ।

## ਮੂਰਤੀ ਪੂਜਾ ਦਾ ਆਰੰਭ

ਅਜਿਹੇ ਸਭ ਸੰਦੇਸ਼ਟਾ (ਪੈਗੰਬਰ) ਅਤੇ ਉਹਨਾਂ ਦੇ ਪੈਰੋਕਾਰ (ਸ਼ਿਸ਼) ਇਨਸਾਨ ਸਨ। ਉਹਨਾਂ ਨੂੰ ਮੌਤ ਆਉਣੀ ਹੀ ਸੀ (ਜਿਸਨੂੰ ਮੌਤ ਨਹੀਂ ਉਹ ਸਿਰਫ ਅੱਲਾਹ ਹੈ) ਨਬੀ ਜਾਂ ਰਸੂਲ ਦੇ ਮਰਨ ਤੋਂ ਬਾਅਦ ਉਨ੍ਹਾਂ ਦੇ ਪੈਰੋਕਾਰਾਂ ਨੂੰ ਉਨ੍ਹਾਂ ਦੀ ਯਾਦ ਆਈ ਉਹ ਉਨ੍ਹਾਂ ਦੇ ਦੁੱਖ ਵਿੱਚ ਬਹੁਤ ਰੋਂਦੇ ਸਨ । ਸ਼ੈਤਾਨ ਨੂੰ ਮੌਕਾ ਮਿਲ ਗਿਆ। ਉਹ ਇਨਸਾਨ ਦਾ ਦੁਸ਼ਮਣ ਹੈ ਅਤੇ ਇਨਸਾਨ ਦੀ ਪ੍ਰੀਖਿਆ ਲਈ ਉਸ ਮਾਲਿਕ (ਸਵਾਮੀ) ਨੇ ਉਸਨੂੰ ਵਰਗਲਾਉਣ ਅਤੇ ਬੁਰੀਆਂ ਗੱਲਾਂ ਇਨਸਾਨ ਦੇ ਦਿਲ 'ਚ

ਪਾਉਣ ਦੀ ਸ਼ਕਤੀ ਦਿੱਤੀ ਹੈ, ਤਾਂ ਕਿ ਦੇਖੇ ਕੌਣ ਉਸ ਪੈਦਾ ਕਰਨ ਵਾਲੇ ਮਾਲਿਕ ਨੂੰ ਮੰਨਦਾ ਹੈ ਅਤੇ ਕੌਣ ਸ਼ੈਤਾਨ ਨੂੰ ਮੰਨਦਾ ਹੈ।

ਸ਼ੈਤਾਨ ਲੋਕਾਂ ਦੇ ਕੋਲ ਆਇਆ ਤੇ ਕਿਹਾ ਕਿ ਤੁਹਾਨੂੰ ਆਪਣੇ ਮਹਾਂ ਗੁਰੂ (ਰਸੂਲ ਜਾਂ ਨਬੀ) ਨਾਲ ਬਹੁਤ ਪ੍ਰੇਮ ਹੈ। ਮਰਨ ਤੋਂ ਬਾਅਦ ਉਹ ਤੁਹਾਡੀਆਂ ਨਿਗਾਹਾਂ ਤੋਂ ਉਹਲੇ ਹੋ ਗਏ ਹਨ। ਸੋ, ਮੈਂ ਉਹਨਾਂ ਦੀ ਮੂਰਤੀ ਬਣਾ ਦਿੰਦਾ ਹਾਂ ਉਸਨੂੰ ਦੇਖ ਕੇ ਤੁਸੀਂ ਸੰਤੁਸ਼ਟੀ (ਚੈਨ) ਹਾਸਲ ਕਰ ਸਕਦੇ ਹੋ। ਸ਼ੈਤਾਨ ਨੇ ਮੂਰਤੀ (ਬੁੱਤ) ਬਣਾਈ ਜਦ ਉਹਨਾਂ (ਪੈਰੋਕਾਰਾਂ) ਦਾ ਜੀ ਕਰਦਾ ਉਹ ਉਸਨੂੰ ਦੇਖ ਲਿਆ ਕਰਦੇ। ਹੌਲੀ-ਹੌਲੀ ਜਦੋਂ ਇਸ ਮੂਰਤੀ ਦਾ ਮੋਹ ਉਹਨਾਂ ਦੇ ਮਨ 'ਚ ਵਸ ਗਿਆ ਤਾਂ ਸ਼ੈਤਾਨ ਨੇ ਕਿਹਾ ਕਿ ਜੇਕਰ ਤੁਸੀਂ ਇਸ ਮੂਰਤੀ (ਬੁੱਤ) ਅੱਗੇ ਅਪਣਾ ਸਿਰ ਝੁਕਾਉਗੇ ਤਾਂ ਇਸ ਮੂਰਤੀ ਵਿੱਚ ਭਗਵਾਨ ਨੂੰ ਪਾਉਗੇ। ਮਨੁੱਖ ਦੇ ਦਿਲ ਵਿੱਚ ਮੂਰਤੀ ਦੀ ਵਡਿਆਈ ਤਾਂ ਪਹਿਲਾਂ ਹੀ ਘਰ ਕਰ ਚੁੱਕੀ ਸੀ, ਇਸ ਲਈ ਉਸਨੇ ਮੂਰਤੀ (ਬੁੱਤ) ਦੇ ਅੱਗੇ ਸਿਰ ਝੁਕਾਉਣਾ ਅਤੇ ਉਸਨੂੰ ਪੂਜਣਾ ਆਰੰਭ ਕਰ ਦਿੱਤਾ ਅਤੇ ਇਹ ਮਨੁੱਖ ਜਿਸ ਲਈ ਪੂਜਣ ਯੋਗ ਸਿਰਫ ਇੱਕ ਖ਼ੁਦਾ ਸੀ, ਮੂਰਤੀਆਂ ਨੂੰ ਪੂਜਣ ਲੱਗਾ ਅਤੇ ਸ਼ਿਰਕ 'ਚ ਫਸ ਗਿਆ।

ਇਸ ਸਾਰੇ ਸੰਸਾਰ ਦਾ ਸਰਦਾਰ (ਮਨੁੱਖ) ਜਦ ਪੱਥਰ ਜਾਂ ਮਿੱਟੀ ਦੇ ਅੱਗੇ ਝੁਕਣ ਲੱਗ ਗਿਆ ਤਾਂ ਉਹ ਜ਼ਲੀਲ (ਬੇਇੱਜ਼ਤ) ਹੋਇਆ ਅਤੇ ਮਾਲਿਕ ਦੀ ਨਿਗਾਹ ਤੋਂ ਡਿਗ ਕੇ ਸਦਾ ਲਈ ਨਰਕ ਦਾ ਬਾਲਣ ਬਣ ਗਿਆ। ਉਸ ਤੋਂ ਬਾਅਦ ਅੱਲਾਹ ਨੇ ਫਿਰ ਆਪਣੇ ਰਸੂਲ ਭੇਜੇ। ਜਿੰਨ੍ਹਾਂ ਨੇ ਲੋਕਾਂ ਨੂੰ ਮੂਰਤੀ ਪੂਜਾ ਅਤੇ ਅੱਲਾਹ ਤੋਂ ਇਲਾਵਾ ਦੂਸਰਿਆਂ ਦੀ ਪੂਜਾ ਤੋਂ ਰੋਕਿਆ। ਕੁੱਝ ਲੋਕ ਉਹਨਾਂ ਦੀ ਗੱਲ ਮੰਨਣ ਲੱਗ ਗਏ ਅਤੇ ਕੁੱਝ ਲੋਕਾਂ ਨੇ ਨਾਂਹ ਕਰ ਦਿੱਤੀ। ਜੋ ਲੋਕ ਮੰਨਦੇ ਸੀ ਅੱਲਾਹ ਉਹਨਾਂ ਤੋਂ ਖੁਸ਼ ਹੁੰਦੇ ਅਤੇ ਜਿਹੜੇ ਲੋਕ ਉਹਨਾਂ ਦੇ ਉਪਦੇਸ਼ਾਂ ਤੋਂ ਮੂੰਹ ਮੋੜ ਲੈਂਦੇ ਉਹਨਾਂ ਲਈ ਅਸਮਾਨ ਤੋਂ ਵਿਨਾਸ਼ ਦੇ ਫੈਸਲੇ ਕਰ ਦਿੱਤੇ ਜਾਂਦੇ।

## ਰਸੂਲਾਂ ਦੀ ਸਿੱਖਿਆ

ਇੱਕ ਤੋਂ ਬਾਅਦ ਇੱਕ ਨਬੀ ਅਤੇ ਰਸੂਲ ਆਉਂਦੇ ਰਹੇ। ਉਹਨਾਂ ਦੇ ਧਰਮ ਦੀ ਬੁਨਿਆਦ (ਅਧਾਰ) ਇੱਕੋ ਹੁੰਦੀ। ਉਹ ਇੱਕੋ ਧਰਮ ਵੱਲ ਬੁਲਾਉਂਦੇ ਕਿ:

ਇੱਕ ਰੱਬ ਨੂੰ ਮੰਨੋ, ਕਿਸੇ ਨੂੰ ਉਸਦੀ ਜ਼ਾਤ (ਸ਼ਖ਼ਸੀਅਤ) ਅਤੇ ਸਿਫ਼ਤਾਂ (ਗੁਣਾਂ) ਵਿੱਚ ਉਸਦਾ ਸਾਂਝੀਦਾਰ ਨਾ ਬਣਾਓ, ਉਸਦੀ ਪੂਜਾ ਵਿੱਚ ਕਿਸੇ ਨੂੰ ਸਾਂਝੀਦਾਰ ਨਾ ਬਣਾਓ। ਉਸਦੇ ਸਾਰੇ ਰਸੂਲਾਂ ਨੂੰ ਸੱਚਾ ਸਮਝੋ, ਉਸਦੇ ਫਰਿਸ਼ਤਿਆਂ



ਨੂੰ ਜੋ ਉਸਦੀ ਪਵਿੱਤਰ ਮਖ਼ਲੂਕ (ਰਚਨਾ) ਹਨ ਨਾ ਉਹ ਖਾਂਦੇ-ਪੀਂਦੇ ਹਨ, ਨਾਂ ਸੌਂਦੇ ਹਨ, ਹਰ ਕੰਮ ਵਿੱਚ ਮਾਲਿਕ ਦੀ ਆਗਿਆ ਦਾ ਪਾਲਣ ਕਰਦੇ ਹਨ, ਨੂੰ ਸੱਚਾ ਸਮਝੋ। ਉਸਨੇ ਆਪਣੇ ਫਰਿਸ਼ਤਿਆਂ ਰਾਹੀਂ ਜੋ ਬਾਣੀ ਭੇਜੀ ਜਾਂ ਗ੍ਰੰਥ ਉਤਾਰੇ, ਉਹਨਾਂ ਸਾਰਿਆਂ ਨੂੰ ਸੱਚਾ ਮੰਨੋ। ਮਰਨ ਤੋਂ ਬਾਅਦ ਦੁਬਾਰਾ ਜਿੰਦਗੀ ਹਾਸਲ ਕਰਕੇ ਆਪਣੇ ਚੰਗੇ ਬੁਰੇ ਕਰਮਾਂ ਦਾ ਬਦਲਾ ਮਿਲਣਾ ਹੈ, ਇਸਤੇ ਯਕੀਨ (ਵਿਸ਼ਵਾਸ) ਕਰੋ, ਅਤੇ ਇਹ ਵੀ ਜਾਣੋ ਕਿ ਜੋ ਤਕਦੀਰ (ਕਿਸਮਤ) ਚੰਗੀ ਜਾਂ ਬੁਰੀ ਹੈ ਉਹ ਮਾਲਿਕ ਵੱਲੋਂ ਹੈ ਅਤੇ ਮੈਂ ਇਸ ਵਕਤ ਜੋ ਸ਼ਰੀਅਤ (ਧਰਮ ਕਾਨੂੰਨ) ਅਤੇ ਜੀਵਨ ਬਿਤਾਉਣ ਦਾ ਢੰਗ ਲੈ ਕੇ ਆਇਆ ਹਾਂ, ਉਸਦਾ ਪਾਲਣ ਕਰੋ।

ਜਿੰਨੇ ਵੀ ਅੱਲਾਹ ਦੇ ਨਬੀ ਅਤੇ ਰਸੂਲ ਆਏ ਸਾਰੇ ਸੱਚੇ ਸਨ ਅਤੇ ਉਹਨਾਂ ਉੱਪਰ ਜੋ ਧਾਰਮਿਕ ਗ੍ਰੰਥ ਉਤਰੇ ਸਨ ਉਹ ਸਾਰੇ ਸੱਚੇ ਸਨ। ਉਹਨਾਂ ਸਾਰਿਆਂ ਤੇ ਸਾਡਾ ਈਮਾਨ (ਸ਼ਰਧਾ) ਹੈ। ਅਸੀਂ ਉਹਨਾਂ 'ਚ ਫਰਕ ਨਹੀਂ ਰੱਖਦੇ। ਸੱਚਾਈ ਦਾ ਪੈਮਾਨਾ ਇਹ ਹੈ ਕਿ ਜਿੰਨ੍ਹਾਂ ਨੇ ਇੱਕ ਈਸ਼ਵਰ ਨੂੰ ਮੰਨਣ ਦਾ ਸੱਦਾ ਦਿੱਤਾ ਹੋਵੇ ਅਤੇ ਉਹਨਾਂ ਦੀਆਂ ਸਿੱਖਿਆਵਾਂ ਵਿੱਚ ਇੱਕ ਮਾਲਿਕ ਨੂੰ ਛੱਡਕੇ ਕਿਸੇ ਦੂਸਰੇ ਦੀ ਪੂਜਾ ਜਾਂ ਖੁਦ ਉਨ੍ਹਾਂ ਦੀ ਪੂਜਾ ਦੀ ਗੱਲ ਨਾ ਹੋਵੇ।

ਸੋ, ਜਿਹਨਾਂ ਮਹਾਂ -ਪੁਰਖਾਂ ਦੀ ਸਿੱਖਿਆ ਵਿੱਚ ਮੂਰਤੀ ਪੂਜਾ ਜਾਂ ਅਨੇਕੇ ਸ਼ਵਰਵਾਦ ਹੋਵੇ ਉਹ ਜਾਂ ਤਾਂ ਰਸੂਲ ਨਹੀਂ ਜਾਂ ਫਿਰ ਉਹਨਾਂ ਦੀਆਂ ਸਿੱਖਿਆਵਾਂ ਵਿੱਚ ਰੱਦੋ ਬਦਲ ਹੋ ਗਈ ਹੈ। ਮੁਹੰਮਦ ਸਾਹਿਬ ਤੋਂ ਪਹਿਲਾਂ ਦੇ ਸਾਰੇ ਰਸੂਲਾਂ ਦੀਆਂ ਸਿੱਖਿਆਵਾਂ ਵਿੱਚ ਰੱਦੋ ਬਦਲ ਹੋ ਗਈ ਹੈ ਅਤੇ ਕਿਤੇ-ਕਿਤੇ ਤਾਂ ਗ੍ਰੰਥਾਂ ਨੂੰ ਵੀ ਬਦਲ ਦਿੱਤਾ ਗਿਆ ਹੈ।

## ਅੰਤਿਮ ਸੰਦੇਸ਼ਟਾ (ਆਖ਼ਰੀ ਰਸੂਲ) ਹਜ਼ਰਤ ਮੁਹੰਮਦ ਸਾਹਿਬ (ਸ.)

ਇਹ ਇੱਕ ਵੱਡਮੁੱਲੀ ਸੱਚਾਈ ਹੈ ਕਿ ਹਰ ਆਉਣ ਵਾਲੇ ਰਸੂਲ ਅਤੇ ਨਬੀ ਦੇ ਰਾਹੀਂ ਅਤੇ ਉਹਨਾਂ ਦੇ ਗ੍ਰੰਥਾਂ ਵਿੱਚ ਇੱਕ ਆਖਰੀ ਨਬੀ (ਜਾਂ ਰਸੂਲ) ਦੀ ਭਵਿੱਖ ਬਾਣੀ ਕੀਤੀ ਗਈ ਹੈ ਅਤੇ ਇਹ ਕਿਹਾ ਗਿਆ ਹੈ ਉਹਨਾਂ ਦੇ ਆਉਣ ਤੋਂ ਬਾਅਦ ਅਤੇ ਉਹਨਾਂ ਨੂੰ ਪਹਿਚਾਣ ਲੈਣ ਤੋਂ ਬਾਅਦ, ਸਾਰੀਆਂ ਪੁਰਾਣੀਆਂ ਸ਼ਰੀਅਤਾਂ ਅਤੇ ਧਾਰਮਿਕ ਕਾਨੂੰਨ ਛੱਡ ਕੇ ਉਹਨਾਂ ਦੀ ਗੱਲ ਮੰਨੀ ਜਾਵੇ ਅਤੇ ਉਹਨਾਂ ਦੁਆਰਾ ਲਿਆਂਦੇ ਗਏ ਗ੍ਰੰਥ ਅਤੇ ਧਰਮ ਉੱਤੇ ਚੱਲਿਆ ਜਾਵੇ।

ਇਹ ਵੀ ਇਸਲਾਮ ਦੀ ਸੱਚਾਈ ਦਾ ਇੱਕ ਸਬੂਤ ਹੈ ਕਿ ਪ੍ਰਾਚੀਨ ਗ੍ਰੰਥਾਂ ਵਿੱਚ ਬੇਹੱਦ ਰੱਦੋ ਬਦਲ ਦੇ ਬਾਵਜੂਦ ਉਸ ਮਾਲਿਕ ਨੇ ਆਖਰੀ ਰਸੂਲ ਦੇ ਆਉਣ

ਦੀ ਖ਼ਬਰ ਨੂੰ ਬਦਲਣ ਨਾ ਦਿੱਤਾ ਕਿ ਕੋਈ ਇਹ ਨਾ ਕਹਿ ਸਕੇ ਕਿ ਸਾਨੂੰ ਖ਼ਬਰ ਨਹੀਂ ਮਿਲੀ। ਵੇਦਾਂ ਵਿੱਚ ਉਸਦਾ ਨਾਮ ਨਰਾਸ਼ੰਸ਼, ਪੁਰਾਣਾਂ ਵਿੱਚ ਕਲਕੀ ਅਵਤਾਰ, ਬਾਈਬਲ ਵਿੱਚ ਫਾਰਕਲੀਟ ਅਤੇ ਅਹਮਤ ਅਤੇ ਬੁੱਧ ਗ੍ਰੰਥਾਂ ਵਿੱਚ ਅੰਤਮ ਬੁੱਧ ਇਤਿਆਦਿ ਲਿਖਿਆ ਹੈ।*

## ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ ਪਰਿਚੈ

ਅੱਜ ਤੋਂ ਲਗਭਗ ਸਾਢੇ ਚੌਦਾਂ ਸੌ ਸਾਲ ਪਹਿਲਾਂ ਉਹ ਅੰਤਿਮ ਰਿਸ਼ੀ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲੱਲਾਹੁ ਅਲੈਹਿ ਵਸੱਲਮ ਸਊਦੀ ਅਰਬ ਦੇਸ਼ ਦੇ ਮੱਕਾ ਸ਼ਹਿਰ ਵਿੱਚ ਪੈਦਾ ਹੋਏ। ਪੈਦਾ ਹੋਣ ਤੋਂ ਕੁਝ ਮਹੀਨੇ ਪਹਿਲਾਂ ਹੀ ਉਹਨਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ ਸੀ। ਮਾਂ ਵੀ ਕੋਈ ਜ਼ਿਆਦਾ ਸਮਾਂ ਜਿਉਂਦੀ ਨਹੀਂ ਰਹੀ। ਪਹਿਲਾਂ ਦਾਦਾ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਆਪ ਦੇ ਚਾਚੇ ਨੇ ਉਹਨਾਂ ਨੂੰ ਪਾਲਿਆ। ਸੰਸਾਰ ਵਿੱਚ ਸਭ ਤੋਂ ਨਿਰਾਲਾ ਇਹ ਇਨਸਾਨ ਸਮੁੱਚੇ ਮੱਕਾ ਸ਼ਹਿਰ ਵਾਸੀਆਂ ਦੀਆਂ ਅੱਖਾਂ ਦਾ ਤਾਰਾ ਬਣ ਗਿਆ। ਆਪ ਜਿਵੇਂ-ਜਿਵੇਂ ਵੱਡੇ ਹੁੰਦੇ ਗਏ ਆਪ ਦੇ ਨਾਲ ਲੋਕਾਂ ਦਾ ਮੋਹ (ਪਿਆਰ) ਵਧਦਾ ਗਿਆ।

ਆਪ ਨੂੰ ਸੱਚਾ ਅਤੇ ਈਮਾਨਦਾਰ ਕਿਹਾ ਜਾਣ ਲੱਗਾ। ਲੋਕ ਆਪਣੀ ਬਹੁ ਕੀਮਤੀ ਅਮਾਨਤ (ਧ੍ਰੋਹਰ) ਆਪ ਜੀ ਦੇ ਕੋਲ ਰੱਖਦੇ ਅਤੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਾਉਂਦੇ। ਕਾਅਬਾ, ਜੋ ਮੱਕਾ ਵਿੱਚ ਅੱਲਾਹ ਦਾ ਪਵਿੱਤਰ ਘਰ ਹੈ, ਉਸਨੂੰ ਦੁਬਾਰਾ ਬਣਾਇਆ ਜਾ ਰਿਹਾ ਸੀ। ਉਸਦੀ ਇੱਕ ਦੀਵਾਰ ਦੇ ਕੋਨੇ ਵਿੱਚ ਇੱਕ ਪਵਿੱਤਰ ਪੱਥਰ ਹੈ ਜਦੋਂ ਉਸਨੂੰ ਉਸਦੇ ਸਥਾਨ ਤੇ ਸਥਾਪਿਤ ਕਰਨ ਦੀ ਬਾਰੀ ਆਈ ਤਾਂ ਉਸਦੀ ਪਵਿੱਤਰਤਾ ਦੇ ਕਾਰਨ ਮੱਕੇ ਦੇ ਸਾਰੇ ਵੰਸ਼ਾਂ (ਖਾਨਦਾਨਾਂ) ਅਤੇ ਸਰਦਾਰਾਂ ਦੀ ਇੱਛਾ (ਤਮੰਨਾ) ਸੀ ਕਿ ਪਵਿੱਤਰ ਪੱਥਰ ਸਥਾਪਿਤ ਕਰਨ ਦਾ ਅਧਿਕਾਰ ਉਸਨੂੰ ਹੀ ਮਿਲੇ, ਇਸਦੇ ਲਈ ਤਲਵਾਰਾਂ ਨਿੱਕਲ ਆਈਆਂ, ਤਦ ਇੱਕ ਸਮਝਦਾਰ ਆਦਮੀ ਨੇ ਫੈਸਲਾ ਕੀਤਾ ਕਿ ਜੋ ਕੱਲ ਨੂੰ ਸਭ ਤੋਂ ਪਹਿਲਾ ਆਦਮੀ ਇੱਥੇ, 'ਕਾਅਬਾ' ਵਿੱਚ ਆਏਗਾ, ਉਹੀ ਇਸਦਾ ਫੈਸਲਾ ਕਰੇਗਾ। ਸਾਰੇ ਲੋਕ ਤਿਆਰ ਹੋ ਗਏ। ਉਸ ਦਿਨ ਸਭ ਤੋਂ ਪਹਿਲਾਂ ਆਉਣ ਵਾਲੇ ਹਜ਼ਰਤ ਮੁਹੰਮਦ (ਸ0) ਸਨ। ਸਾਰੇ ਇੱਕ ਸੁਰ ਹੋ ਕੇ ਬੋਲੇ ਵਾਹ ! ਵਾਹ ! ਸਾਡੇ ਵਿੱਚ ਸੱਚਾ ਅਤੇ ਈਮਾਨਦਾਰ ਆਦਮੀ ਆ ਗਿਆ ਹੈ, ਅਸੀਂ ਸਾਰੇ ਰਾਜ਼ੀ ਹਾਂ।

*ਵਧੇਰੇ ਜਾਣਕਾਰੀ ਲਈ ਪੜ੍ਹੋ ਪੰਡਿਤ ਵੇਦ ਪ੍ਰਕਾਸ਼ ਉਪਾਧਿਆਏ ਦੀਆਂ ਪੁਸਤਕਾਂ "ਕਲਕੀ ਅਵਤਾਰ ਔਰ ਮੁਹੰਮਦ ਸਾਹਿਬ" ਅਤੇ "ਨਰਾਸ਼ੰਸ਼ ਔਰ ਅੰਤਿਮ ਰਿਸ਼ੀ"



ਆਪਨੇ ਇੱਕ ਚਾਦਰ ਵਿਛਾਈ ਅਤੇ ਉਸ ਉਤੇ ਉਹ ਪੱਥਰ ਰੱਖ ਕੇ ਕਿਹਾ ਹਰ ਵੰਸ਼ (ਖਾਨਦਾਨ) ਦਾ ਸਰਦਾਰ ਚਾਦਰ ਦਾ ਇੱਕ ਕਿਨਾਰਾ ਫੜ ਕੇ ਉਠਾਏ । ਜਦ ਪੱਥਰ ਦੀਵਾਰ ਤੱਕ ਪਹੁੰਚ ਗਿਆ ਤਾਂ ਆਪ ਨੇ ਆਪਣੇ ਹੱਥਾਂ ਨਾਲ ਉਸਦੇ ਸਥਾਨ ਤੇ ਰੱਖ ਦਿੱਤਾ ਤੇ ਇਹ ਵੱਡੀ ਲੜਾਈ ਖ਼ਤਮ ਕਰਵਾ ਦਿੱਤੀ। ਇਸ ਤਰ੍ਹਾਂ ਲੋਕ ਆਪ ਨੂੰ ਹਰ ਕੰਮ ਵਿੱਚ ਅੱਗੇ ਰੱਖਦੇ ਸਨ। ਆਪ ਕਿਸੇ ਸਫ਼ਰ ਤੇ ਜਾਣ ਲੱਗਦੇ ਤਾਂ ਲੋਕ ਬੇਚੈਨ ਹੋ ਜਾਂਦੇ ਅਤੇ ਜਦੋਂ ਆਪ ਮੁੜਦੇ ਤਾਂ ਆਪ ਨੂੰ ਮਿਲਕੇ ਫੁੱਟ-ਫੁੱਟ ਕੇ ਰੋਂਦੇ।

ਉਹਨਾਂ ਦਿਨਾਂ ਵਿੱਚ ਅੱਲਾਹ ਦੇ ਘਰ 'ਕਾਅਬਾ' ਵਿੱਚ 360 ਦੇਵੀ ਦੇਵਤਿਆਂ ਦੀਆਂ ਮੂਰਤੀਆਂ (ਬੁੱਤ) ਰੱਖੀਆਂ ਹੋਈਆਂ ਸਨ। ਪੂਰੇ ਅਰਬ ਦੇਸ਼ (ਬਲਕਿ ਪੂਰੀ ਦੁਨੀਆਂ) ਵਿੱਚ ਉਚ-ਨੀਚ, ਛੂਤ-ਛਾਤ, ਨਾਰੀ ਤੇ ਅੱਤਿਆਚਾਰ, ਸ਼ਰਾਬ, ਜੂਆ, ਸੂਦ (ਵਿਆਜ਼) ਲੜਾਈ-ਝਗੜਾ ਬਲਾਤਕਾਰ ਵਰਗੀਆਂ ਪਤਾ ਨਹੀਂ ਕਿੰਨੀਆਂ ਬੁਰਾਈਆਂ ਫੈਲੀਆਂ ਹੋਈਆਂ ਸਨ। ਜਦੋਂ ਆਪ 40 ਸਾਲਾਂ ਦੇ ਹੋਏ ਤਾਂ ਅੱਲਾਹ ਨੇ ਆਪਣੇ ਫਰਿਸ਼ਤੇ ਦੇ ਰਾਹੀਂ ਆਪ ਤੇ ਕੁਰਆਨ ਉਤਾਰਨਾ ਆਰੰਭ ਕੀਤਾ ਅਤੇ ਆਪ ਨੂੰ ਰਸੂਲ ਬਣਾਉਣ ਦੀ ਖੁਸ਼ਖ਼ਬਰੀ ਦਿੱਤੀ ਅਤੇ ਲੋਕਾਂ ਨੂੰ ਤੌਹੀਦ (ਇਕੇ ਸ਼ਵਰਵਾਦ) ਦੀ ਤਰਫ਼ ਬਲਾਉਣ ਦਾ ਜਿੰਮਾਂ ਸੌਂਪਿਆ।

## ਸੱਚ ਦੀ ਆਵਾਜ਼

ਆਪ ਨੇ ਇੱਕ ਪਹਾੜ ਦੀ ਚੋਟੀ ਤੇ ਚੜ੍ਹਕੇ ਇੱਕ ਆਵਾਜ਼ ਲਗਾਈ। ਲੋਕ ਇਸ ਆਵਾਜ਼ ਤੇ ਦੌੜੇ ਆਏ ਇਸ ਲਈ ਕਿ ਇਹ ਇੱਕ ਸੱਚੇ ਈਮਾਨਦਾਰ ਆਦਮੀ ਦੀ ਆਵਾਜ਼ ਸੀ। ਆਪਨੇ ਪ੍ਰਸ਼ਨ ਕੀਤਾ ਕਿ:

"ਜੇ ਮੈਂ ਤੁਹਾਨੂੰ ਕਹਾਂ ਕਿ ਇਸ ਪਹਾੜ ਦੇ ਪਿੱਛੋਂ ਇੱਕ ਵਿਸ਼ਾਲ ਸੈਨਾ ਆ ਰਹੀ ਹੈ ਅਤੇ ਤੁਹਾਡੇ ਉੱਪਰ ਹਮਲਾ ਕਰਨ ਵਾਲੀ ਹੈ ਤਾਂ ਕੀ ਤੁਸੀਂ ਵਿਸ਼ਵਾਸ਼ ਕਰੋਗੇ।"

ਸਾਰਿਆਂ ਨੇ ਇੱਕ ਸੁਰ ਹੋ ਕਿ ਕਿਹਾ, "ਭਲਾ ਆਪ ਦੀ ਗੱਲ ਉੱਪਰ ਕੌਣ ਯਕੀਨ ਨਹੀਂ ਕਰੇਗਾ। ਆਪ ਕਦੇ ਝੂਠ ਨਹੀਂ ਬੋਲਦੇ ਅਤੇ ਪਹਾੜ ਦੀ ਚੋਟੀ ਤੋਂ ਦੂਜੇ ਪਾਸੇ ਦੇਖ ਵੀ ਰਹੇ ਹੋ।" ਇਸਦੇ ਬਾਅਦ ਆਪ ਨੇ ਲੋਕਾਂ ਨੂੰ ਇਸਲਾਮ ਦੀ ਤਰਫ਼ ਬੁਲਾਇਆ, ਮੂਰਤੀ ਪੂਜਾ ਤੋਂ ਰੋਕਿਆ ਤੇ ਮਰਨ ਤੋਂ ਬਾਅਦ ਨਰਕ ਦੀ ਅੱਗ ਤੋਂ ਡਰਾਇਆ।

## ਇਨਸਾਨ ਦੀ ਇੱਕ ਕਮਜ਼ੋਰੀ

ਇਨਸਾਨ ਦੀ ਇਹ ਕਮਜ਼ੋਰੀ ਰਹੀ ਹੈ ਕਿ ਆਪਣੇ ਪੁਰਖਿਆਂ (ਪੂਰਵਜ਼ਾਂ) ਦੀਆਂ ਗਲਤ ਗੱਲਾਂ ਨੂੰ ਵੀ ਅੰਧ ਵਿਸ਼ਵਾਸ਼ ਵਿੱਚ ਮੰਨਦਾ ਚੱਲਿਆ ਜਾਂਦਾ ਹੈ। ਇਨਸਾਨਾਂ ਦੀ ਬੁੱਧੀ ਅਤੇ ਦਲੀਲਾਂ (ਤਰਕ) ਦੁਆਰਾ ਝੁਠਲਾਉਣ ਦੇ ਬਾਵਜੂਦ ਮਨੁੱਖ ਪੂਰਵਜ਼ਾਂ ਦੀਆਂ ਗੱਲਾਂ ਤੇ ਜੰਮਿਆ ਰਹਿੰਦਾ ਹੈ ਅਤੇ ਉਸ ਤੋਂ ਇਲਾਵਾ ਕਰਨਾ ਤਾਂ ਕੀ, ਕੁੱਝ ਸੁਣ ਵੀ ਨਹੀਂ ਸਕਦਾ।

## ਰੁਕਾਵਟਾਂ ਅਤੇ ਇਮਤਿਹਾਨ

ਇਹੀ ਕਾਰਨ ਸੀ ਕਿ ਚਾਲੀ ਸਾਲ ਦੀ ਉਮਰ ਤੱਕ ਆਪ ਦਾ ਆਦਰ ਕਰਨ ਅਤੇ ਸੱਚਾ ਮੰਨਣ ਅਤੇ ਜਾਨਣ ਤੇ ਵੀ ਮੱਕਾ ਦੇ ਲੋਕ ਆਪ ਦੀਆਂ ਸਿੱਖਿਆਵਾਂ ਦੇ ਦੁਸ਼ਮਣ ਹੋ ਗਏ। ਆਪ ਜਿੰਨਾਂ ਜ਼ਿਆਦਾ ਲੋਕਾਂ ਨੂੰ ਇਸ ਸੱਚਾਈ (ਕਿ ਅੱਲਾਹ ਇੱਕ ਹੈ) ਵੱਲ ਬੁਲਾਉਂਦੇ ਲੋਕ ਹੋਰ ਜ਼ਿਆਦਾ ਦੁਸ਼ਮਣੀ ਕਰਦੇ। ਜਦ ਕੁੱਝ ਲੋਕ ਈਮਾਨ ਵਾਲਿਆਂ ਨੂੰ ਸਤਾਉਂਦੇ, ਮਾਰਦੇ ਅਤੇ ਅੱਗ ਉੱਤੇ ਲਿਟਾ ਦਿੰਦੇ, ਗਲੇ ਵਿੱਚ ਫੰਦਾ ਪਾ ਕੇ ਘਸੀਟਦੇ ਅਤੇ ਉਹਨਾਂ ਤੇ ਪੱਥਰ ਵਰਾਉਂਦੇ, ਪ੍ਰੰਤੂ ਆਪ ਸਭ ਦੇ ਲਈ ਅੱਲਾਹ ਤੋਂ ਪ੍ਰਾਰਥਨਾ (ਦੁਆ) ਕਰਦੇ, ਕਿਸੇ ਤੋਂ ਬਦਲਾ ਨਾ ਲੈਂਦੇ, ਪੂਰੀ-ਪੂਰੀ ਰਾਤ ਆਪਣੇ ਮਾਲਿਕ ਤੋਂ ਉਹਨਾਂ ਲਈ ਹਦਾਇਤ ਦੀ ਦੁਆ ਕਰਦੇ। ਇੱਕ ਵਾਰ ਮੱਕਾ ਦੇ ਲੋਕਾਂ ਤੋਂ ਨਿਰਾਸ਼ ਹੋ ਕੇ ਤਾਇਫ਼ ਸ਼ਹਿਰ ਦੀ ਤਰਫ਼ ਗਏ। ਉਥੋਂ ਦੇ ਲੋਕਾਂ ਨੇ ਉਸ ਮਹਾਂਪੁਰਸ਼ ਦਾ ਨਿਰਾਦਰ ਕੀਤਾ। ਆਪ ਦੇ ਪਿੱਛੇ ਲੜਕੇ ਲਗਾ ਦਿੱਤੇ ਜੋ ਆਪ ਨੂੰ ਬੁਰਾ ਭਲਾ ਕਹਿੰਦੇ। ਉਹਨਾਂ ਨੇ ਆਪ ਨੂੰ ਪੱਥਰ ਮਾਰੇ ਜਿਸ ਨਾਲ ਆਪ ਦੇ ਪੈਰਾਂ ਵਿਚੋਂ ਖੂਨ ਵਹਿਣ ਲੱਗਾ, ਤਕਲੀਫ ਦੀ ਵਜ੍ਹਾ ਨਾਲ ਜਦ ਆਪ ਕਿਤੇ ਬੈਠ ਜਾਂਦੇ ਤਾਂ ਉਹ ਲੜਕੇ ਆਪ ਨੂੰ ਦੁਬਾਰਾ ਖੜਾ ਕਰ ਦਿੰਦੇ ਅਤੇ ਫਿਰ ਮਾਰਦੇ। ਇਸ ਹਾਲਤ ਵਿੱਚ ਆਪ ਸ਼ਹਿਰ ਤੋਂ ਬਾਹਰ ਨਿਕਲ ਕੇ ਇੱਕ ਥਾਂ ਤੇ ਬੈਠ ਗਏ, ਆਪ ਨੇ ਉਹਨਾਂ ਨੂੰ ਸ਼ਰਾਪ ਨਹੀਂ ਦਿੱਤਾ ਬਲਕਿ ਆਪਣੇ ਮਾਲਿਕ (ਸਵਾਮੀ) ਤੋਂ ਦੁਆ ਕੀਤੀ, 'ਹੇ ਮਾਲਿਕ, ਇਹਨਾਂ ਨੂੰ ਸਮਝ ਦੇ ਦੇ, ਇਹ ਜਾਣਦੇ ਨਹੀਂ।''

ਆਪ ਨੂੰ ਇਸ ਪਵਿੱਤਰ ਸੰਦੇਸ਼ ਅਤੇ ਰੱਬੀ ਬਾਣੀ ਪਹੁੰਚਾਉਣ ਦੇ ਕਾਰਨ ਆਪਣਾ ਪਿਆਰਾ ਸ਼ਹਿਰ ਮੱਕਾ ਛੱਡਣਾ ਪਿਆ ਫਿਰ ਆਪ ਅਪਣੇ ਸ਼ਹਿਰ ਤੋਂ ਮਦੀਨਾ ਸ਼ਹਿਰ ਚਲੇ ਗਏ। ਉਥੇ ਵੀ ਮੱਕੇ ਵਾਲੇ ਆਪ ਦੇ ਵਿਰੁੱਧ ਫੌਜਾਂ ਬਣਾਕੇ ਵਾਰ-ਵਾਰ ਆਪ ਨਾਲ ਲੜਨ ਗਏ।



## ਸੱਚ ਦੀ ਜਿੱਤ

ਸੱਚ ਦੀ ਹਮੇਸ਼ਾਂ ਜਿੱਤ ਹੁੰਦੀ ਹੈ, ਸੋ ਇਥੇ ਵੀ ਹੋਈ, 23 ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਆਪ ਸਾਰਿਆਂ ਤੇ ਜੇਤੂ ਹੋਏ ਅਤੇ ਸੱਚੇ ਮਾਰਗ ਵੱਲ ਆਪਦੇ ਬੇਗਰਜ਼ ਬੁਲਾਵੇ ਨੇ ਪੂਰੇ ਅਰਬ ਦੇਸ਼ ਨੂੰ ਇਸਲਾਮ ਦੀ ਠੰਡੀ ਛਾਂ ਹੇਠ ਖੜ੍ਹਾ ਕਰ ਦਿੱਤਾ ਅਤੇ ਪੂਰੀ ਦੁਨੀਆਂ ਵਿੱਚ ਇੱਕ ਕ੍ਰਾਂਤੀ (ਇਨਕਲਾਬ) ਆ ਗਈ, ਮੂਰਤੀ ਪੂਜਾ ਬੰਦ ਹੋਈ, ਊਚ-ਨੀਚ ਖਤਮ ਹੋਈ ਅਤੇ ਸਭ ਲੋਕ ਇੱਕ ਅੱਲਾਹ ਨੂੰ ਮੰਨਣ ਅਤੇ ਪੂਜਣ ਵਾਲੇ ਹੋ ਗਏ।

## ਆਖ਼ਰੀ ਵਸੀਅਤ

ਆਪਣੀ ਮੌਤ ਤੋਂ ਕੁਝ ਹੀ ਸਮਾਂ ਪਹਿਲਾਂ ਆਪ ਨੇ ਲਗਭਗ ਸਵਾ ਲੱਖ ਲੋਕਾਂ ਨਾਲ ਹੱਜ ਕੀਤਾ ਅਤੇ ਸਮੂਹ ਲੋਕਾਂ ਨੂੰ ਆਪਣੀ ਆਖ਼ਰੀ ਵਸੀਅਤ ਕੀਤੀ, ਜਿਸ ਵਿੱਚ ਆਪ ਨੇ ਕਿਹਾ, ''ਲੋਕੋ ! ਤੁਹਾਡੇ ਕੋਲੋਂ ਮਰਨ ਤੋਂ ਬਾਅਦ ਜਦ ਕਰਮਾਂ ਦੀ ਪੁੱਛ ਹੋਵੇਗੀ ਤਾਂ ਮੇਰੇ ਵਿਸ਼ੇ ਵਿੱਚ ਵੀ ਪੁੱਛਿਆ ਜਾਵੇਗਾ ਕਿ ਕੀ ਮੈਂ ਅੱਲਾਹ ਦਾ ਦੀਨ (ਧਰਮ) ਅਤੇ ਉਹ ਸੱਚਾਈ ਲੋਕਾਂ ਤੱਕ ਪਹੁੰਚਾਈ ਹੈ ?''

ਸਭ ਨੇ ਕਿਹਾ ਬੇਸ਼ੱਕ ਆਪ ਪਹੁੰਚਾ ਚੁੱਕੇ। ਆਪ ਨੇ ਅਸਮਾਨ ਵੱਲ ਉਂਗਲ ਉਠਾਈ ਤੇ ਤਿੰਨ ਵਾਰੀ ਕਿਹਾ, ''ਐ ਅੱਲਾਹ ਆਪ ਗਵਾਹ ਰਹਿਣਾ ! ਆਪ ਗਵਾਹ ਰਹਿਣਾ !! ਆਪ ਗਵਾਹ ਰਹਿਣਾ !!!'' ਇਸਤੋਂ ਬਾਅਦ ਆਪਨੇ ਲੋਕਾਂ ਨੂੰ ਫਰਮਾਇਆ, ''ਇਹ ਸੱਚਾ ਦੀਨ ਜਿਹਨਾਂ ਤੱਕ ਪਹੁੰਚ ਚੁੱਕਾ ਹੈ, ਉਹ ਉਹਨਾਂ ਤੱਕ ਪਹੁੰਚਾਉਣ ਜਿਹਨਾਂ ਤੱਕ ਨਹੀਂ ਪਹੁੰਚਿਆ।''

ਆਪ ਨੇ ਇਹ ਵੀ ਖਬਰ ਦਿੱਤੀ ਕਿ ਮੈਂ ਆਖਰੀ ਰਸੂਲ ਹਾਂ, ਹੁਣ ਮੇਰੇ ਬਾਅਦ ਕੋਈ ਰਸੂਲ ਨਹੀਂ ਆਵੇਗਾ, ਮੈਂ ਹੀ ਉਹ ਅੰਤਿਮ ਰਿਸ਼ੀ, ਨਰਾਸ਼ੰਸ ਅਤੇ ਕਲਕੀ ਅਵਤਾਰ ਹਾਂ, ਜਿਸਦਾ ਤੁਸੀਂ ਇੰਤਜ਼ਾਰ ਕਰਦੇ ਰਹੇ ਸੀ ਅਤੇ ਜਿਸਦੇ ਬਾਰੇ ਤੁਸੀਂ ਸਭ ਕੁੱਝ ਜਾਣਦੇ ਹੋ।

ਕੁਰਆਨ ਵਿੱਚ ਹੈ :-

''ਜਿੰਨ੍ਹਾਂ ਲੋਕਾਂ ਨੂੰ ਅਸੀਂ ਕਿਤਾਬ ਦਿੱਤੀ ਹੈ ਉਹ ਇਸ ਪੈਗੰਬਰ ਮੁਹੰਮਦ (ਸ.) ਨੂੰ ਪਹਿਚਾਣਦੇ ਹਨ, ਜਿਸ ਤਰ੍ਹਾਂ ਅਪਣੇ ਬੇਟਿਆਂ ਨੂੰ ਪਹਿਚਾਣਦੇ ਹਨ, ਬੇਸ਼ੱਕ ਉਹਨਾਂ ਵਿੱਚ ਇੱਕ ਗਿਰੋਹ ਹੱਕ (ਹਕੀਕਤ) ਨੂੰ ਛੁਪਾਉਂਦਾ ਹੈ।''

(ਸੂਰਤ ਬਕਰਾਹ : 147)

## ਹਰ ਇਨਸਾਨ ਦਾ ਫਰਜ਼

ਹੁਣ ਪਰਲੋ (ਕਿਆਮਤ) ਤੱਕ ਆਉਣ ਵਾਲੇ ਹਰ ਇਨਸਾਨ ਦਾ ਫਰਜ਼ ਹੈ ਅਤੇ ਉਸਦੀ ਧਾਰਮਿਕ ਅਤੇ ਇਨਸਾਨੀ ਜ਼ਿੰਮੇਵਾਰੀ ਹੈ ਕਿ ਉਹ ਉਸ ਇਕੱਲੇ ਮਾਲਿਕ ਦੀ ਪੂਜਾ ਕਰੇ। ਉਸਦੇ ਨਾਲ ਕਿਸੇ ਨੂੰ ਸਾਂਝੀ ਨਾ ਜਾਣੇ ਅਤੇ ਨਾ ਮੰਨੇ ਅਤੇ ਉਸਦੇ ਆਖ਼ਰੀ ਸੰਦੇਸ਼ਟਾ (ਪੈਗੰਬਰ) ਹਜ਼ਰਤ ਮੁਹੰਮਦ (ਸ.) ਨੂੰ ਸੱਚਾ ਜਾਣੇ ਅਤੇ ਉਹਨਾਂ ਦੁਆਰਾ ਲਿਆਏ ਗਏ ਦੀਨ ਅਤੇ ਜ਼ਿੰਦਗੀ ਬਤੀਤ ਕਰਨ ਦੇ ਢੰਗ ਦਾ ਪਾਲਣ ਕਰੇ, ਇਸਲਾਮ ਵਿੱਚ ਇਸੇ ਨੂੰ ਈਮਾਨ ਕਿਹਾ ਗਿਆ ਹੈ, ਇਸ ਤੋਂ ਬਿਨਾਂ ਮਰਨ ਤੋਂ ਬਾਅਦ ਹਮੇਸ਼ਾਂ ਦੇ ਲਈ ਨਰਕ ਵਿੱਚ ਜਲਨਾ ਪਏਗਾ।

## ਦੋ ਸਵਾਲ

ਇੱਥੇ ਆਪਦੇ ਦਿਮਾਗ ਵਿੱਚ ਦੋ ਸਵਾਲ ਪੈਦਾ ਹੋ ਸਕਦੇ ਹਨ, ਮਰਨ ਤੋਂ ਬਾਅਦ - ਸਵਰਗ ਜਾਂ ਨਰਕ ਵਿੱਚ ਜਾਣਾ ਦਿਖਾਈ ਤਾਂ ਦਿੰਦਾ ਨਹੀਂ, ਉਸ ਨੂੰ ਕਿਉਂ ਮੰਨੀਏ ?

ਇਸ ਸਬੰਧ ਵਿੱਚ ਇਹ ਜਾਣ ਲੈਣਾ ਉਚਿਤ ਹੋਵੇਗਾ ਕਿ ਸਾਰੇ ਪ੍ਰਾਚੀਨ ਗ੍ਰੰਥਾਂ ਵਿੱਚ ਸਵਰਗ, ਨਰਕ ਦਾ ਵਰਣਨ ਕੀਤਾ ਗਿਆ ਹੈ ਜਿਸ ਤੋਂ ਇਹ ਗਿਆਨ ਹੁੰਦਾ ਹੈ ਕਿ ਸਵਰਗ ਨਰਕ ਦਾ ਵਿਚਾਰ ਸਾਰੇ ਧਰਮਾਂ ਵਿੱਚ ਪ੍ਰਮਾਣਿਤ ਹੈ।

ਇਸਨੂੰ ਅਸੀਂ ਇੱਕ ਉਦਾਹਰਨ ਨਾਲ ਵੀ ਸਮਝ ਸਕਦੇ ਹਾਂ। ਬੱਚਾ ਜਦ ਮਾਂ ਦੇ ਪੇਟ ਵਿੱਚ ਹੁੰਦਾ ਹੈ, ਤਾਂ ਜੇਕਰ ਉਸਨੂੰ ਕਿਹਾ ਜਾਏ ਕਿ ਜਦੋਂ ਤੁਸੀਂ ਗਰਭ ਤੋਂ ਬਾਹਰ ਨਿਕਲੋਗੇ ਤਾਂ ਦੁੱਧ ਪੀਓਗੇ, ਰੋਵੋਂਗੇ, ਗਰਭ ਤੋਂ ਬਾਹਰ ਤੁਸੀਂ ਬਹੁਤ ਸਾਰੀਆਂ ਚੀਜ਼ਾਂ ਦੇਖੋਗੇ, ਤਾਂ ਗਰਭ ਦੇ ਅੰਦਰ ਹੋਣ ਦੀ ਹਾਲਤ ਵਿੱਚ ਉਸਨੂੰ ਵਿਸ਼ਵਾਸ਼ ਨਹੀਂ ਹੋਵੇਗਾ। ਮਗਰ ਉਹ ਜਿਵੇਂ ਹੀ ਗਰਭ ਤੋਂ ਬਾਹਰ ਨਿਕਲੇਗਾ ਤਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਸਾਹਮਣੇ ਦੇਖੇਗਾ

ਇਸੇ ਤਰ੍ਹਾਂ ਇਹ ਸਾਰਾ ਸੰਸਾਰ ਇਕ ਗਰਭ ਦੀ ਹਾਲਤ ਹੈ। ਇਥੋਂ ਮੌਤ ਤੋਂ ਬਾਅਦ ਨਿਕਲਕੇ ਜਦ ਮਨੁੱਖ ਆਖਰਤ ਦੇ ਸੰਸਾਰ ਵਿਚ ਅੱਖਾਂ ਖੋਲ੍ਹੇਗਾ ਤਾਂ ਸਭ ਕੁੱਝ ਅਪਣੇ ਸਾਹਮਣੇ ਪਾਏਗਾ।



ਉਥੋਂ ਦੇ ਸਵਰਗ ਨਰਕ ਅਤੇ ਦੂਸਰੀਆਂ ਹਕੀਕਤਾਂ ਦੀ ਖਬਰ ਸਾਨੂੰ ਉਸ ਸੱਚੇ ਨਬੀ ਨੇ ਦਿੱਤੀ ਹੈ, ਜਿਸ ਨੂੰ ਉਸਦੇ ਜਾਨੀ ਦੁਸ਼ਮਣ ਵੀ ਕਦੇ ਝੂਠਾ ਨਾ ਕਹਿ ਸਕੇ ਅਤੇ ਕੁਰਆਨ ਵਰਗੀ ਪੁਸਤਕ ਨੇ ਦਿੱਤੀ ਹੈ, ਜਿਸ ਦੀ ਸੱਚਾਈ ਹਰ ਆਪਣੇ ਪਰਾਏ ਨੇ ਮੰਨੀ ਹੈ।

## ਦੂਸਰਾ ਸਵਾਲ

ਦੂਸਰੀ ਚੀਜ਼ ਜੋ ਤੁਹਾਡੇ ਮਨ ਵਿੱਚ ਖਟਕ ਸਕਦੀ ਹੈ ਕਿ ਜਦ ਸਾਰੇ ਰਸੂਲ, ਧਰਮ ਅਤੇ ਧਾਰਮਿਕ ਗ੍ਰੰਥ ਸੱਚੇ ਸਨ ਤਾਂ ਫਿਰ ਇਸਲਾਮ ਕਬੂਲ ਕਰਨਾ ਹੀ ਕੀ ਜ਼ਰੂਰੀ ਹੈ ? ਅੱਜ ਦੀ ਵਰਤਮਾਨ ਦੁਨੀਆਂ ਵਿੱਚ ਇਸਦਾ ਜਵਾਬ ਬਿਲਕੁਲ ਆਸਾਨ ਹੈ। ਸਾਡੇ ਦੇਸ਼ ਦੀ ਇੱਕ ਸੰਸਦ (ਪਾਰਲੀਮੈਂਟ) ਹੈ ਅਤੇ ਇਥੇ ਦਾ ਇੱਕ ਸੰਵਿਧਾਨ ਹੈ। ਇੱਥੇ ਜਿੰਨੇ ਪ੍ਰਧਾਨ ਮੰਤਰੀ ਆਏ ਉਹ ਸਾਰੇ ਭਾਰਤ ਦੇ ਅਸਲੀ ਪ੍ਰਧਾਨ ਮੰਤਰੀ ਸਨ। ਪੰਡਿਤ ਜਵਾਹਰ ਲਾਲ ਨਹਿਰੂ, ਸ਼ਾਸਤਰੀ ਜੀ, ਫਿਰ ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਫਿਰ ਵੀ. ਪੀ. ਸਿੰਘ ਆਦਿ। ਦੇਸ਼ ਦੀ ਜ਼ਰੂਰਤ ਅਤੇ ਸਮੇਂ ਦੇ ਅਨੁਕੂਲ ਜੋ ਕਾਨੂੰਨ ਤੇ ਬਿੱਲ ਉਹਨਾਂ ਨੇ ਪਾਸ ਕੀਤੇ ਉਹ ਸਾਰੇ ਭਾਰਤ ਦੇ ਕਾਨੂੰਨ ਸਨ, ਪਰ ਹੁਣ ਜੋ ਵਰਤਮਾਨ ਪ੍ਰਧਾਨ ਮੰਤਰੀ ਹਨ, ਉਹਨਾਂ ਦੀ ਸੰਸਦ ਅਤੇ ਸਰਕਾਰ ਜੋ ਵੀ ਕਾਨੂੰਨ ਵਿੱਚ ਸੋਧ ਕਰੇਗੀ, ਉਸ ਨਾਲ ਪੁਰਾਣਾ ਕਾਨੂੰਨ ਖਤਮ ਹੋ ਜਾਵੇਗਾ ਅਤੇ ਭਾਰਤ ਦੇ ਹਰ ਨਾਗਰਿਕ ਲਈ ਜ਼ਰੂਰੀ ਹੋਵੇਗਾ ਕਿ ਉਸ ਨਵੇਂ ਸੋਧ ਕੀਤੇ ਕਾਨੂੰਨ ਦਾ ਪਾਲਣ ਕਰੇ ਜੇਕਰ ਹੁਣ ਭਾਰਤ ਦਾ ਕੋਈ ਨਾਗਰਿਕ ਇਹ ਕਹੇ ਕਿ ਜਦ ਇੰਦਰਾ ਗਾਂਧੀ ਅਸਲੀ ਪ੍ਰਧਾਨ ਮੰਤਰੀ ਸੀ ਤਾਂ ਮੈਂ ਉਹਨਾਂ ਦੇ ਹੀ ਕਾਨੂੰਨ ਨੂੰ ਮੰਨਾਗਾ। ਇਸ ਨਵੇਂ ਪ੍ਰਧਾਨ ਮੰਤਰੀ ਦੇ ਕਾਨੂੰਨ ਨੂੰ ਮੈਂ ਨਹੀਂ ਮੰਨਦਾ ਅਤੇ ਨਾ ਹੀ ਉਹਨਾਂ ਦੁਆਰਾ ਲਗਾਏ ਗਏ ਟੈਕਸ ਦੇਵਾਂਗਾ ਤਾਂ ਅਜਿਹੇ ਆਦਮੀ ਨੂੰ ਹਰ ਕੋਈ ਦੇਸ਼ ਵਿਰੋਧੀ ਕਹੇ ਗਾ ਅਤੇ ਉਸਨੂੰ ਸਜ਼ਾ ਦਾ ਹੱਕਦਾਰ ਸਮਝਿਆ ਜਾਵੇਗਾ।

ਇਸੇ ਤਰ੍ਹਾਂ ਸਾਰੇ ਧਰਮ ਅਤੇ ਧਾਰਮਿਕ ਗ੍ਰੰਥ ਆਪਣੇ-ਆਪਣੇ ਸਮੇਂ ਤੇ ਆਏ ਅਤੇ ਸਭ ਸੱਚ ਦੀ ਸਿੱਖਿਆ ਦਿੰਦੇ ਸੀ। ਇਸ ਲਈ ਹੁਣ ਸਾਰੇ ਰਸੂਲਾਂ ਅਤੇ ਧਾਰਮਿਕ ਗ੍ਰੰਥਾਂ ਨੂੰ ਸੱਚਾ ਸਮਝਦੇ ਹੋਏ ਵੀ ਆਖਰੀ ਰਸੂਲ ਹਜ਼ਰਤ ਮੁਹੰਮਦ (ਸ.) ਤੇ ਈਮਾਨ ਲਿਆਉਣਾ ਹਰ ਮਨੁੱਖ ਲਈ ਜ਼ਰੂਰੀ ਹੈ।

## ਸੱਚਾ ਧਰਮ ਸਿਰਫ਼ ਇੱਕ ਹੈ

ਇਸ ਲਈ ਇਹ ਕਹਿਣਾ ਕਿਸੇ ਤਰ੍ਹਾਂ ਠੀਕ ਨਹੀਂ ਕਿ ਸਾਰੇ ਧਰਮ ਈਸ਼ਵਰ ਵੱਲ ਜਾਂਦੇ ਹਨ, ਰਾਸਤੇ ਅਲੱਗ-ਅਲੱਗ ਹਨ, ਮੰਜ਼ਿਲ ਇੱਕ ਹੈ। ਸੱਚ ਕੇਵਲ ਇੱਕ ਹੁੰਦਾ ਹੈ, ਝੂਠ ਬਹੁਤ ਹੋ ਸਕਦੇ ਹਨ। ਨੂਰ (ਰੌਸ਼ਨੀ) ਇੱਕ ਹੁੰਦਾ ਹੈ, ਹਨੇਰੇ ਬਹੁਤ ਹੋ ਸਕਦੇ ਹਨ। ਸੱਚਾ ਧਰਮ ਕੇਵਲ ਇੱਕ ਹੈ, ਉਹ ਸ਼ੁਰੂ ਤੋਂ ਹੀ ਇੱਕ ਹੈ। ਇਸ ਲਈ ਉਸੇ ਇੱਕ ਨੂੰ ਮੰਨਣਾ ਅਤੇ ਉਸੇ ਇੱਕ ਦੀ ਮੰਨਣਾ ਹੀ ਇਸਲਾਮ ਹੈ।

ਧਰਮ ਕਦੇ ਨਹੀਂ ਬਦਲਦਾ, ਕੇਵਲ ਸ਼ਰੀਅਤ (ਕਾਨੂੰਨ) ਸਮੇਂ ਦੇ ਅਨੁਸਾਰ ਬਦਲਦੇ ਰਹਿੰਦੇ ਹਨ ਅਤੇ ਉਹ ਵੀ ਉਸੇ ਮਾਲਿਕ ਦੇ ਦੱਸੇ ਢੰਗ ਅਨੁਸਾਰ । ਜਦ ਮਨੁੱਖੀ ਜਾਤੀ ਇੱਕ ਹੈ ਅਤੇ ਉਨ੍ਹਾਂ ਦਾ ਮਾਲਿਕ ਇੱਕ ਹੈ ਤਾਂ ਰਸਤਾ ਵੀ ਕੇਵਲ ਇੱਕ ਹੈ। ਕੁਰਆਨ ਨੇ ਕਿਹਾ "ਧਰਮ ਤਾਂ ਅੱਲਾਹ ਦੇ ਨਜ਼ਦੀਕ ਸਿਰਫ਼ ਇਸਲਾਮ ਹੈ"

## ਇੱਕ ਹੋਰ ਸਵਾਲ

ਇੱਥੇ ਇੱਕ ਹੋਰ ਸਵਾਲ ਵੀ ਮਨ ਵਿੱਚ ਪੈਦਾ ਹੋ ਸਕਦਾ ਹੈ ਕਿ ਹਜ਼ਰਤ ਮੁਹੰਮਦ (ਸ.) ਅੱਲਾਹ ਦੇ ਸੱਚੇ ਨਬੀ (ਈਸ਼ਦੂਤ) ਹਨ ਅਤੇ ਉਹ ਸੰਸਾਰ ਦੇ ਅੰਤਿਮ ਈਸ਼ਦੂਤ (ਆਖ਼ਰੀ ਰਸੂਲ) ਵੀ ਹਨ, ਇਸਦਾ ਕੀ ਸਬੂਤ ਹੈ ?

ਉੱਤਰ ਸਾਫ਼ ਹੈ ਕਿ ਸਭ ਤੋਂ ਪਹਿਲਾਂ ਇਹ ਕੁਰਆਨ ਖ਼ੁਦਾ ਦਾ ਕਲਾਮ ਹੈ। ਉਸਨੇ ਸੰਸਾਰ ਨੂੰ ਆਪਣੇ ਸੱਚੇ ਹੋਣ ਦੇ ਜੋ ਤਰਕ (ਦਲੀਲ) ਦਿੱਤੇ ਹਨ ਉਹ ਸਭ ਨੂੰ ਮੰਨਣੇ ਪਏ ਹਨ ਅਤੇ ਅੱਜ ਤੱਕ ਉਹਨਾਂ ਦਾ ਵਿਰੋਧ ਨਹੀਂ ਹੋ ਸਕਿਆ। ਉਸਨੇ ਹਜ਼ਰਤ ਮੁਹੰਮਦ ਸਾਹਿਬ ਦੇ ਸੱਚੇ ਅਤੇ ਆਖ਼ਰੀ ਰਸੂਲ (ਈਸ਼ਦੂਤ) ਹੋਣ ਦੀ ਘੋਸ਼ਣਾ ਕੀਤੀ ਹੈ।

ਦੂਸਰੀ ਗੱਲ ਇਹ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਦਾ ਇੱਕ ਇੱਕ ਪਲ ਸੰਸਾਰ ਦੇ ਸਾਹਮਣੇ ਹੈ। ਉਹਨਾਂ ਦਾ ਸਾਰਾ ਜੀਵਨ ਇਤਿਹਾਸ ਦੀ ਖੁੱਲ੍ਹੀ ਕਿਤਾਬ ਹੈ। ਸੰਸਾਰ ਵਿੱਚ ਕਿਸੇ ਵੀ ਇਨਸਾਨ ਦੀ ਜੀਵਨੀ ਆਪ ਦੀ ਜੀਵਨੀ ਦੀ ਤਰ੍ਹਾਂ ਸੁਰੱਖਿਅਤ ਅਤੇ ਉਜਾਲੇ ਵਿੱਚ ਨਹੀਂ ਹੈ। ਆਪ ਦੇ ਦੁਸ਼ਮਣਾਂ ਅਤੇ ਇਸਲਾਮ ਦੁਸ਼ਮਣ ਇਤਿਹਾਸਕਾਰਾਂ ਨੇ ਵੀ ਕਦੇ ਇਹ ਨਹੀਂ ਕਿਹਾ ਕਿ ਮੁਹੰਮਦ ਸਾਹਿਬ ਨੇ ਆਪਣੇ ਵਿਅਕਤੀਗਤ ਜੀਵਨ ਵਿੱਚ ਕਦੇ ਕਿਸੇ ਬਾਰੇ ਝੂਠ ਬੋਲਿਆ ਹੈ। ਆਪ ਦੇ



ਨਗਰ ਵਾਸੀ ਆਪ ਦੀ ਸੱਚਾਈ ਦੀਆਂ ਕਸਮਾਂ ਖਾਂਦੇ ਸਨ। ਜਿਸ ਮਹਾਨ ਵਿਅਕਤੀ ਨੇ ਆਪਣੇ ਨਿੱਜੀ ਜੀਵਨ ਵਿੱਚ ਕਦੇ ਝੂਠ ਨਹੀਂ ਬੋਲਿਆ, ਉਹ ਧਰਮ ਦੇ ਨਾਂ ਤੇ ਅਤੇ ਰੱਬ ਦੇ ਨਾਂ ਤੇ ਕਿਵੇਂ ਝੂਠ ਬੋਲ ਸਕਦਾ ਸੀ। ਆਪਨੇ ਖ਼ੁਦ ਇਹ ਦੱਸਿਆ ਕਿ ਮੈਂ ਆਖ਼ਰੀ ਨਬੀ (ਰਸੂਲ) ਹਾਂ, ਮੇਰੇ ਬਾਅਦ ਹੁਣ ਕੋਈ ਨਬੀ ਨਹੀਂ ਆਏਗਾ ਅਤੇ ਨਾ ਕੋਈ ਧਰਮ ਆਏਗਾ ਅਤੇ ਮੇਰੇ ਆਉਣ ਦੇ ਵਿਸ਼ੇ ਵਿੱਚ ਸਭ ਨਬੀਆਂ ਨੇ ਭਵਿੱਖ ਬਾਣੀ ਕੀਤੀ ਹੈ। ਸਾਰੇ ਧਾਰਮਿਕ ਗ੍ਰੰਥਾਂ ਵਿੱਚ ਅੰਤਿਮ ਰਿਸ਼ੀ, ਕਲਕੀ ਅਵਤਾਰ ਬਾਰੇ ਜੋ ਭਵਿੱਖ ਬਾਣੀ ਕੀਤੀ ਗਈ ਹੈ ਅਤੇ ਜੋ ਨਿਸ਼ਾਨੀਆਂ ਅਤੇ ਪਹਿਚਾਣ ਦੱਸੀ ਗਈ ਹੈ, ਉਹ ਕੇਵਲ ਹਜ਼ਰਤ ਮੁਹੰਮਦ ਸਾਹਿਬ ਦੇ ਵਿਸ਼ੇ ਵਿੱਚ ਸਾਬਿਤ ਹੁੰਦੀ ਹੈ।

## ਈਮਾਨ ਦੀ ਜ਼ਰੂਰਤ

ਮਰਨ ਤੋਂ ਬਾਅਦ ਦੀ ਜ਼ਿੰਦਗੀ ਤੋਂ ਇਲਾਵਾ ਇਸ ਸੰਸਾਰ ਵਿੱਚ ਵੀ ਈਮਾਨ ਅਤੇ ਇਸਲਾਮ ਸਾਡੀ ਵੱਡੀ ਜ਼ਰੂਰਤ ਹੈ। ਇਨਸਾਨ ਦਾ ਫਰਜ਼ ਹੈ ਕਿ ਇੱਕ ਮਾਲਿਕ ਦੀ ਪੂਜਾ ਕਰੇ, ਜੋ ਉਸਦਾ ਦਰ ਛੱਡ ਕੇ ਦੂਸਰਿਆਂ ਸਾਹਮਣੇ ਝੁਕਦਾ ਫਿਰੇ, ਉਹ ਕੁੱਤਿਆਂ ਤੋਂ ਵੀ ਗਿਆ ਗੁਜ਼ਰਿਆ ਹੈ। ਕੁੱਤਾ ਵੀ ਆਪਣੇ ਮਾਲਿਕ ਦੇ ਦਰ ਤੇ ਪਿਆ ਰਹਿੰਦਾ ਹੈ ਅਤੇ ਉਸੇ ਤੋਂ ਆਸ ਲਗਾਉਂਦਾ ਹੈ। ਉਹ ਕੈਸਾ ਇਨਸਾਨ ਹੈ ਜੋ ਆਪਣੇ ਸੱਚੇ ਮਾਲਿਕ ਨੂੰ ਭੁੱਲ ਕੇ ਦਰ ਦਰ ਝੁਕਦਾ ਫਿਰੇ।

ਪਰੰਤੂ ਇਸ ਈਮਾਨ ਦੀ ਜ਼ਿਆਦਾ ਜ਼ਰੂਰਤ ਮਰਨ ਤੋਂ ਬਾਅਦ ਵਾਸਤੇ ਹੈ, ਜਿੱਥੋਂ ਇਨਸਾਨ ਵਾਪਿਸ ਨਹੀਂ ਆਵੇਗਾ, ਅਤੇ ਮੌਤ ਨੂੰ ਪੁਕਾਰਨ ਤੇ ਵੀ ਉਸਨੂੰ ਮੌਤ ਨਹੀਂ ਮਿਲੇਗੀ। ਉਸ ਸਮੇਂ ਪਛਤਾਉਣਾ ਅਤੇ ਅਫ਼ਸੋਸ ਕਰਨਾ ਕਿਸੇ ਵੀ ਕੰਮ ਨਹੀਂ ਆਵੇਗਾ। ਜੇਕਰ ਇਨਸਾਨ ਇੱਥੋਂ ਈਮਾਨ ਦੇ ਬਿਨਾਂ ਚਲਾ ਗਿਆ ਤਾਂ ਹਮੇਸ਼ਾਂ ਨਰਕ ਦੀ ਅੱਗ ਵਿੱਚ ਸੜਨਾ ਪਵੇਗਾ। ਅਗਰ ਇਸ ਸੰਸਾਰ ਵਿੱਚ ਅੱਗ ਦੀ ਇੱਕ ਚੰਗਿਆੜੀ ਵੀ ਸਾਡੇ ਸਰੀਰ ਨੂੰ ਛੂਹ ਜਾਏ ਤਾਂ ਅਸੀਂ ਤੜਫ ਜਾਂਦੇ ਹਾਂ ਤਾਂ ਨਰਕ ਦੀ ਅੱਗ ਕਿਵੇਂ ਸਹਿਣ ਹੋ ਸਕੇਗੀ ਜੋ ਇਸ ਅੱਗ ਤੋਂ ਸੱਤਰ ਗੁਣਾ ਤੇਜ਼ ਹੈ ਅਤੇ ਉਸ ਵਿੱਚ ਹਮੇਸ਼ਾਂ ਜਲਣਾ ਹੈ। ਜਦ ਇੱਕ ਚਮੜੀ ਜਲ ਜਾਵੇਗੀ ਤਾਂ ਦੂਸਰੀ ਚਮੜੀ ਬਦਲ ਦਿੱਤੀ ਜਾਵੇਗੀ ਅਤੇ ਲਗਾਤਾਰ ਇਹ ਸਜ਼ਾ ਭੁਗਤਣੀ ਪਵੇਗੀ।

## ਪਿਆਰੇ ਪਾਠਕ

ਮੇਰੇ ਪਿਆਰੇ ਪਾਠਕ ! ਮੌਤ ਦਾ ਵਕਤ ਪਤਾ ਨਹੀਂ ਕਦ ਆ ਜਾਏ ਜੋ ਸਾਹ ਅੰਦਰ ਹੈ ਉਸ ਦੇ ਬਾਹਰ ਆਉਣ ਦਾ ਵੀ ਭਰੋਸਾ ਨਹੀਂ ਅਤੇ ਜੋ ਸਾਹ ਬਾਹਰ ਹੈ ਉਸ ਦੇ ਅੰਦਰ ਆਉਣ ਦਾ ਭਰੋਸਾ ਨਹੀਂ। ਮੌਤ ਤੋਂ ਪਹਿਲਾਂ ਵਕਤ ਹੈ ਆਪਣੀ ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਜਿੰਮੇਵਾਰੀ ਦਾ ਧਿਆਨ ਕਰ ਲਈਏ। ਈਮਾਨ ਤੋਂ ਬਿਨਾਂ ਨਾ ਇਹ ਜੀਵਨ, ਜੀਵਨ ਹੈ ਅਤੇ ਨਾ ਮਰਨ ਤੋਂ ਬਾਅਦ ਆਉਣ ਵਾਲਾ ਜੀਵਨ।

ਕਲ ਸਾਰਿਆਂ ਨੇ ਆਪਣੇ ਮਾਲਿਕ ਦੇ ਕੋਲ ਜਾਣਾ ਹੈ, ਉਥੇ ਸਭ ਤੋਂ ਪਹਿਲਾਂ ਈਮਾਨ ਬਾਰੇ ਪੁੱਛਿਆ ਜਾਵੇਗਾ। ਮੈਨੂੰ ਵੀ ਇਸ ਗੱਲ ਦਾ ਸਵਾਰਥ ਹੈ ਕਿ ਕੱਲ ਹਿਸਾਬ ਵਾਲੇ ਦਿਨ ਤੁਸੀਂ ਇਹ ਨਾ ਕਹਿ ਦਿਓ ਕਿ ਸਾਡੇ ਤੱਕ ਗੱਲ ਪਹੁੰਚਾਈ ਹੀ ਨਹੀਂ ਸੀ। ਮੈਨੂੰ ਉਮੀਦ ਹੈ ਕਿ ਇਹ ਸੱਚੀਆਂ ਗੱਲਾਂ ਆਪ ਦੇ ਦਿਲ ਵਿੱਚ ਘਰ ਕਰ ਗਈਆਂ ਹੋਣਗੀਆਂ। ਤਾਂ ਆਓ ਖੁਸ਼ਕਿਸਮਤ, ਸੱਚੇ ਦਿਲ ਅਤੇ ਸੱਚੀ ਆਤਮਾ ਵਾਲੇ ਮੇਰੇ ਪਿਆਰੇ ਪਾਠਕ, ਉਸ ਮਾਲਿਕ (ਸਵਾਮੀ) ਨੂੰ ਗਵਾਹ ਬਣਾਕੇ ਅਤੇ ਅਜਿਹੇ ਸੱਚੇ ਦਿਲ ਨਾਲ ਜਿਸ ਨੂੰ ਦਿਲਾਂ ਦਾ ਭੇਦ ਜਾਨਣ ਵਾਲਾ ਮੰਨ ਲਵੇ, ਇਕਰਾਰ ਕਰੀਏ ਅਤੇ ਪ੍ਰਣ ਲਈਏ ਕਿ : **ਅਸ਼ਹਦੁ ਅੱਲਾਇਲਾਹਾ ਇੱਲੱਲਾਹੁ ਵਹਦਾਹੂ ਲਾ ਸ਼ਰੀਕਾ ਲਾਹੂ ਵਾ ਅਸ਼ਹਦੁ ਅੰਨਾ ਮੁਹੰਮਾਦਨ ਅਬਦਹੂ ਵ ਰਸੂਲੂ**

(ਸੱਲੱਲਾਹੁ ਅਲੈਹਿ ਵੱਸਲਮ)

ਅਰਥ: "ਮੈਂ ਗਵਾਹੀ ਦਿੰਦਾ ਹਾਂ ਇਸ ਗੱਲ ਦੀ ਕਿ ਅੱਲਾਹ ਤੋਂ ਇਲਾਵਾ ਕੋਈ ਪੂਜਣ ਯੋਗ ਨਹੀਂ ਹੈ, ਉਹ ਇਕੱਲਾ ਹੈ, ਉਸਦਾ ਕੋਈ ਸ਼ਰੀਕ ਨਹੀਂ ਹੈ, ਅਤੇ ਹਜ਼ਰਤ ਮੁਹੰਮਦ ਸੱਲੱਲਾਹੁ ਅਲੈਹਿ ਵੱਸਲਮ ਅੱਲਾਹ ਦੇ ਸੱਚੇ ਬੰਦੇ ਅਤੇ ਰਸੂਲ ਹਨ।"

ਮੈਂ ਤੌਬਾ ਕਰਦਾ ਹਾਂ ਕੁਫ਼ਰ (ਨਾਸਤਿਕਤਾ) ਤੋਂ, ਸ਼ਿਰਕ (ਕਿਸੇ ਤਰ੍ਹਾਂ ਵੀ ਅੱਲਾਹ ਦਾ ਸਾਂਝੀਦਾਰ ਬਣਾਉਣਾ) ਤੋਂ ਅਤੇ ਹਰ ਕਿਸਮ ਦੇ ਪਾਪਾਂ ਤੋਂ ਅਤੇ ਇਸ ਗੱਲ ਦਾ ਪ੍ਰਣ ਕਰਦਾ ਹਾਂ ਕਿ ਆਪਣੇ ਪੈਦਾ ਕਰਨ ਵਾਲੇ ਸੱਚੇ ਮਾਲਿਕ ਦੇ ਸਭ ਆਦੇਸ਼ (ਹੁਕਮ) ਮੰਨਾਂਗਾ ਅਤੇ ਉਸਦੇ ਸੱਚੇ ਨਬੀ ਹਜ਼ਰਤ ਮੁਹੰਮਦ ਸਾਹਿਬ ਦੀ ਸੱਚੀ ਪੈਰਵੀ (ਅਨੁਸਰਣ) ਕਰਾਂਗਾ।



ਮਿਹਰਬਾਨ ਅਤੇ ਦਇਆਵਾਨ ਮਾਲਿਕ ਮੈਨੂੰ ਅਤੇ ਆਪ ਨੂੰ ਇਸ ਰਾਹ ਉੱਤੇ ਮਰਦੇ ਦਮ ਤੱਕ ਕਾਇਮ ਰੱਖੇ। (ਆਮੀਨ)

ਮੇਰੇ ਪਿਆਰੇ ਪਾਠਕ ! ਜੇਕਰ ਤੁਸੀਂ ਆਪਣੀ ਮੌਤ ਤੱਕ ਇਸ ਯਕੀਨ ਅਤੇ ਈਮਾਨ ਮੁਤਾਬਿਕ ਆਪਣਾ ਜੀਵਨ ਗੁਜ਼ਾਰਦੇ ਰਹੇ ਤਾਂ ਫਿਰ ਪਤਾ ਚੱਲੇਗਾ ਕਿ ਤੁਹਾਡੇ ਇਸ ਭਰਾ ਨੇ ਕੈਸਾ ਪ੍ਰੇਮ ਦਾ ਹੱਕ ਅਦਾ ਕੀਤਾ।

## ਈਮਾਨ ਦੀ ਪ੍ਰੀਖਿਆ

ਇਸ ਇਸਲਾਮ ਅਤੇ ਈਮਾਨ ਕਾਰਨ ਤੁਹਾਡੀ ਪ੍ਰੀਖਿਆ ਵੀ ਹੋ ਸਕਦੀ ਹੈ। ਪਰੰਤੂ ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ। ਇੱਥੇ ਵੀ ਸੱਚ ਦੀ ਜਿੱਤ ਹੋਵੇਗੀ ਅਤੇ ਜੇਕਰ ਜੀਵਨ ਭਰ ਵੀ ਪ੍ਰੀਖਿਆ ਵਿੱਚ ਗੁਜ਼ਾਰਨਾ ਪਵੇ ਤਾਂ ਇਹ ਸੋਚ ਕੇ ਸਹਿ ਜਾਣਾ ਕਿ ਇਸ ਦੁਨੀਆਂ ਦੀ ਜ਼ਿੰਦਗੀ ਤਾਂ ਕੁੱਝ ਦਿਨਾਂ ਤੱਕ ਸੀਮਿਤ ਹੈ। ਮਰਨ ਤੋਂ ਬਾਅਦ ਦਾ ਅਪਾਰ ਜੀਵਨ, ਉਥੇ ਦਾ ਸਵਰਗ ਅਤੇ ਉਸਦੇ ਸੁੱਖ ਪ੍ਰਾਪਤ ਕਰਨ ਲਈ ਅਤੇ ਆਪਣੇ ਮਾਲਿਕ ਨੂੰ ਰਾਜ਼ੀ (ਪ੍ਰਸੰਨ) ਕਰਨ ਦੇ ਲਈ ਅਤੇ ਉਸਦੇ ਪ੍ਰਤੱਖ ਦਰਸ਼ਨ ਕਰਨ ਲਈ ਇਹ ਇਮਤਿਹਾਨ ਕੁੱਝ ਵੀ ਨਹੀਂ ਹਨ।

## ਆਪ ਦਾ ਫ਼ਰਜ਼

ਇੱਕ ਗੱਲ ਹੋਰ, ਈਮਾਨ ਅਤੇ ਇਸਲਾਮ ਦੀ ਇਹ ਸੱਚਾਈ ਹਰ ਉਸ ਭੈਣ-ਭਰਾ ਦਾ ਹੱਕ ਅਤੇ ਅਮਾਨਤ ਹੈ ਜਿਸ ਤੱਕ ਨਹੀਂ ਪਹੁੰਚਿਆ। ਇਸ ਲਈ ਤੁਹਾਡਾ ਵੀ ਫਰਜ਼ ਹੈ ਕਿ ਬੇਗਰਜ਼ ਹੋ ਕੇ ਕੇਵਲ ਆਪਣੇ ਭੈਣ-ਭਰਾ ਦੀ ਹਮਦਰਦੀ ਵਿੱਚ ਅਤੇ ਉਸਨੂੰ ਮਾਲਿਕ ਦੇ ਕਹਿਰ (ਕ੍ਰੋਧ), ਨਰਕ ਦੀ ਅੱਗ ਅਤੇ ਸਜ਼ਾ ਤੋਂ ਬਚਾਉਣ ਲਈ ਦੁੱਖ ਦਰਦ ਦੇ ਅਹਿਸਾਸ ਨਾਲ ਜਿਸ ਪ੍ਰਕਾਰ ਪਿਆਰੇ ਨਬੀ ਸਾਹਿਬ ਨੇ ਇਹ ਸੱਚਾਈ ਪਹੁੰਚਾਈ ਸੀ, ਤੁਸੀਂ ਵੀ ਪਹੁੰਚਾਓ। ਉਹਨਾਂ ਨੂੰ ਸਹੀ ਤੇ ਸੱਚਾ ਰਾਸਤਾ ਸਮਝ ਵਿੱਚ ਆਉਣ ਲਈ ਆਪਣੇ ਮਾਲਿਕ ਤੋਂ ਦੁਆ ਕਰੋ। ਕੀ ਅਜਿਹਾ ਆਦਮੀ ਇਨਸਾਨ ਕਹਾਉਣ ਦਾ ਹੱਕਦਾਰ ਹੈ ਜਿਸ ਦੇ ਸਾਹਮਣੇ ਇੱਕ ਅੰਨ੍ਹਾਂ ਆਦਮੀ ਦਿਖਾਈ ਨਾ ਦੇਣ ਕਾਰਨ, ਅੱਗ ਦੀ ਭੱਠੀ ਵਿੱਚ ਡਿੱਗ ਜਾਵੇ ਅਤੇ ਉਹ ਇੱਕ ਵਾਰ ਵੀ ਟੁੱਟੇ ਮੂੰਹ ਨਾਲ ਇਹ ਨਾ ਕਹੇ ਕਿ ਤੁਹਾਡਾ ਇਹ ਰਾਸਤਾ ਅੱਗ ਦੀ ਭੱਠੀ ਵੱਲ ਜਾਂਦਾ ਹੈ ।

ਇਨਸਾਨੀਅਤ ਤਾਂ ਇਹ ਹੈ ਕਿ ਉਸ ਨੂੰ ਰੋਕੇ ਉਸਨੂੰ ਫੜ ਕੇ ਬਚਾਏ ਅਤੇ ਪ੍ਰਣ ਕਰੇ ਕਿ ਆਪਣੇ ਹੁੰਦੇ ਹੋਏ ਮੈਂ ਬਿਲਕੁੱਲ ਤੁਹਾਨੂੰ ਅੱਗ ਵਿੱਚ ਡਿੱਗਣ ਨਹੀਂ ਦੇਵਾਂਗਾ।

ਈਮਾਨ ਲਿਆਉਣ ਤੋਂ ਬਾਅਦ ਹਰ ਮੁਸਲਮਾਨ ਦਾ ਫਰਜ਼ ਹੈ ਕਿ ਜਿਸ ਨੂੰ ਦੀਨ ਦੀ, ਨਬੀ ਦੀ, ਕੁਰਆਨ ਦੀ ਹਿਦਾਇਤ ਮਿਲ ਚੁੱਕੀ ਹੈ, ਉਹ ਸ਼ਿਰਕ ਅਤੇ ਕੁਫ਼ਰ ਦੀ ਅੱਗ ਵਿੱਚ ਫਸੇ ਲੋਕਾਂ ਨੂੰ ਬਚਾਉਣ ਦੀ ਧੁਨ ਵਿੱਚ ਲੱਗ ਜਾਵੇ। ਉਹਨਾਂ ਦੀ ਠੋਡੀ ਹੇਠਾਂ ਹੱਥ ਦੇਵੇ, ਉਹਨਾਂ ਦੇ ਪੈਰ ਫੜੇ ਕਿ ਲੋਕ ਈਮਾਨ ਤੋਂ ਹਟ ਕੇ ਗਲਤ ਰਾਸਤੇ ਤੇ ਨਾ ਜਾਣ। ਬੇਗਰਜ਼ੀ ਅਤੇ ਸੱਚੀ ਹਮਦਰਦੀ ਨਾਲ ਕਹੀ ਗਈ ਗੱਲ ਦਿਲ ਉੱਤੇ ਅਸਰ ਕਰਦੀ ਹੈ। ਜੇਕਰ ਆਪ ਦੀ ਵਜ੍ਹਾ ਨਾਲ ਇੱਕ ਆਦਮੀ ਨੂੰ ਵੀ ਈਮਾਨ ਮਿਲ ਗਿਆ ਅਤੇ ਇੱਕ ਆਦਮੀ ਵੀ ਮਾਲਿਕ ਦੇ ਸੱਚੇ ਦਰ ਤੇ ਲੱਗ ਗਿਆ ਤਾਂ ਸਾਡਾ ਬੇੜਾ ਪਾਰ ਹੋ ਜਾਵੇਗਾ। ਇਸ ਲਈ ਅੱਲਾਹ ਉਸ ਆਦਮੀ ਤੋਂ ਬਹੁਤ ਖੁਸ਼ ਹੁੰਦਾ ਹੈ ਜੋ ਕਿਸੇ ਨੂੰ ਕੁਫ਼ਰ ਅਤੇ ਸ਼ਿਰਕ ਵਿੱਚੋਂ ਕੱਢ ਕੇ ਸੱਚਾਈ ਦੇ ਰਾਸਤੇ ਤੇ ਲਗਾ ਦੇਵੇ।

ਜਿਸ ਤਰ੍ਹਾਂ ਤੁਹਾਡਾ ਬੇਟਾ ਜੇਕਰ ਤੁਹਾਡੇ ਤੋਂ ਬਾਗੀ ਹੋ ਕੇ ਤੁਹਾਡੇ ਦੁਸ਼ਮਣ ਨਾਲ ਜਾ ਮਿਲੇ ਅਤੇ ਉਸਦਾ ਕਹਿਣਾ ਮੰਨਦਾ ਰਹੇ। ਜੇਕਰ ਕੋਈ ਸੱਜਣ ਉਸਨੂੰ ਸਮਝਾ ਬੁਝਾ ਕੇ ਤੁਹਾਡਾ ਆਗਿਆਕਾਰੀ ਬਣਾ ਦੇਵੇ ਤਾਂ ਤੁਸੀਂ ਉਸ ਸੱਜਣ ਤੋਂ ਕਿੰਨੇ ਖੁਸ਼ ਹੋਵੋਗੇ। ਮਾਲਿਕ ਉਸ ਬੰਦੇ ਤੋਂ ਇਸ ਤੋਂ ਵੀ ਜ਼ਿਆਦਾ ਖੁਸ਼ ਹੁੰਦਾ ਹੈ ਜੋ ਦੂਸਰਿਆਂ ਤੱਕ ਈਮਾਨ ਪਹੁੰਚਾਉਣ ਅਤੇ ਵੰਡਣ ਦਾ ਜ਼ਰੀਆ ਬਣ ਜਾਵੇ। ਉਸ ਦੇ ਬੰਦਿਆਂ ਨੂੰ ਉਸ ਨਾਲ ਜੋੜੇ।

## ਈਮਾਨ ਲਿਆਉਣ ਤੋਂ ਬਾਅਦ

ਇਸਲਾਮ ਗ੍ਰਹਿਣ ਕਰਨ ਤੋਂ ਬਾਅਦ ਜਦ ਆਪ ਮਾਲਿਕ ਦੇ ਸੱਚੇ ਬੰਦੇ ਬਣ ਗਏ ਤਾਂ ਹੁਣ ਤੁਹਾਡੇ ਲਈ ਰੋਜ਼ਾਨਾ ਪੰਜ ਵਾਰ ਨਮਾਜ਼ ਪੜ੍ਹਨੀ ਜ਼ਰੂਰੀ ਹੈ। ਆਪ ਇਸਨੂੰ ਸਿੱਖੋ ਅਤੇ ਪੜ੍ਹੋ। ਇਸ ਨਾਲ ਆਤਮਾ ਦੀ ਸ਼ਾਂਤੀ ਅਤੇ ਅੱਲਾਹ ਦਾ ਪ੍ਰੇਮ ਵਧੇਗਾ। ਰਮਜ਼ਾਨ ਦਾ ਮਹੀਨਾ ਆਉਣ ਤੇ ਇੱਕ ਮਹੀਨੇ ਦੇ ਰੋਜ਼ੇ ਰੱਖਣੇ ਹੋਣਗੇ। ਅਗਰ ਮਾਲਿਕ ਨੇ ਆਪ ਨੂੰ ਮਾਲ ਦਿੱਤਾ ਹੈ ਤਾਂ ਇਸਲਾਮੀ ਕਾਨੂੰਨ ਅਨੁਸਾਰ ਸਾਲ



ਵਿੱਚ ਇੱਕ ਵਾਰ ਜ਼ਕਾਤ (ਦਾਨ) ਦੇਣਾ ਜ਼ਰੂਰੀ ਹੈ। ਧੰਨਵਾਨ ਹੋ ਤਾਂ ਪੂਰੀ ਉਮਰ ਵਿੱਚ ਇੱਕ ਵਾਰ ਹੱਜ ਕਰਨ ਵਾਸਤੇ ਜਾਣਾ ਪਵੇਗਾ।

ਖ਼ਬਰਦਾਰ ! ਹੁਣ ਆਪ ਦਾ ਸੀਸ (ਸਿਰ) ਅੱਲਾਹ ਦੇ ਇਲਾਵਾ ਕਿਸੇ ਹੋਰ ਅੱਗੇ ਨਾ ਝੁਕੇ। ਤੁਹਾਡੇ ਉੱਪਰ ਸ਼ਰਾਬ, ਜੂਆ, ਸੂਦ (ਵਿਆਜ਼), ਸੂਰ ਦਾ ਮੀਟ, ਰਿਸ਼ਵਤ ਅਤੇ ਹਰ ਹਰਾਮ ਚੀਜ਼ ਵਰਜਿਤ (ਮਨ੍ਹਾ) ਹੈ। ਉਸ ਤੋਂ ਬਚਣਾ ਹੈ ਅਤੇ ਅੱਲਾਹ ਦੀਆਂ ਪਵਿੱਤਰ ਦੱਸੀਆਂ ਹੋਈਆਂ ਚੀਜ਼ਾਂ ਦਾ ਪੂਰੇ ਸ਼ੌਂਕ ਨਾਲ ਸੇਵਨ (ਵਰਤੋਂ) ਕਰਨਾ ਹੈ।

ਆਪਣੇ ਮਾਲਿਕ ਦੁਆਰਾ ਦਿੱਤਾ ਗਿਆ ਪਵਿੱਤਰ ਗ੍ਰੰਥ ਪਾਬੰਦੀ ਨਾਲ ਪੜ੍ਹਨਾ ਹੈ । ਪਵਿੱਤਰਤਾ ਅਤੇ ਸਫ਼ਾਈ ਦੇ ਨਿਯਮ ਸਿੱਖਣੇ ਹਨ। ਸੱਚੇ ਦਿਲੋਂ ਇਹ ਪ੍ਰਾਰਥਨਾ ਕਰਨੀ ਹੈ ਕਿ 'ਹੇ ਸਾਡੇ ਮਾਲਿਕ ! ਸਾਨੂੰ, ਸਾਡੇ ਦੋਸਤਾਂ ਨੂੰ, ਪਰਿਵਾਰ ਦੇ ਮੈਂਬਰ ਅਤੇ ਰਿਸ਼ਤੇਦਾਰਾਂ ਨੂੰ, ਇਸ ਭੂ-ਮੰਡਲ ਤੇ ਵਸਣ ਵਾਲੀ ਇਸ ਸਮੂਹ ਮਨੁੱਖਤਾ ਨੂੰ ਈਮਾਨ ਦੇ ਨਾਲ ਜਿਉਂਦਾ ਰੱਖੀਂ ਅਤੇ ਈਮਾਨ ਦੇ ਨਾਲ ਮੌਤ ਦੇਵੀਂ !' ਇਸ ਲਈ ਕਿ ਈਮਾਨ ਹੀ ਇਸ ਮਨੁੱਖੀ ਸਮਾਜ ਦਾ ਪਹਿਲਾ ਅਤੇ ਆਖ਼ਰੀ ਸਹਾਰਾ ਹੈ। ਜਿਸ ਪ੍ਰਕਾਰ ਅੱਲਾਹ ਦੇ ਇੱਕ ਦੂਤ ਹਜ਼ਰਤ ਇਬਰਾਹੀਮ (ਅਲੈਹਿ.) ਜਲਦੀ ਹੋਈ ਅੱਗ ਵਿੱਚ ਅਪਣੇ ਈਮਾਨ ਦੀ ਬਦੌਲਤ ਕੁੱਦ ਗਏ ਸਨ ਤੇ ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ ਸੀ। ਅੱਜ ਵੀ ਇਸ ਈਮਾਨ ਦੀ ਤਾਕਤ ਅੱਗ ਨੂੰ ਫੁੱਲ ਬਣਾ ਸਕਦੀ ਹੈ ਅਤੇ ਸੱਚ ਦੇ ਮਾਰਗ ਦੀ ਹਰ ਰੁਕਾਵਟ ਨੂੰ ਖ਼ਤਮ ਕਰ ਸਕਦੀ ਹੈ।

ਆਜ ਭੀ ਹੋ ਗਰ ਇਬਰਾਹੀਮ ਸਾ ਈਮਾਂ ਪੈਦਾ !
ਆਗ ਕਰ ਸਕਤੀ ਹੈ ਅੰਦਾਜ਼ੇ ਗੁਲਿਸਤਾਂ ਪੈਦਾ !!

ਵੱਸਲਾਮ

ਅਧਿਕ ਜਾਣਕਾਰੀ ਲਈ ਸੰਪਰਕ ਕਰੋ :
ਮੌਲਾਨਾ ਮੁਹੰਮਦ ਕਲੀਮ ਸਿੱਦੀਕੀ ਫੁਲਤ, ਮੁਜ਼ੱਫਰ ਨਗਰ (ਯੂ. ਪੀ.)



phulat.blogspot.com www.armughan.in